Lecturer & Coach (Sec. Edu. Deptt.) Comp. Exam- 2025
Exam Date - 07.06.2026

22.6.26

| | | |
|---|---|---|
| पुस्तिका में पृष्ठों की संख्या | : | 24 |
| Number of Pages in Booklet | : | 24 |
| पुस्तिका में प्रश्नों की संख्या | : | 150 |
| No. of Questions in Booklet | : | 150 |

**LCS-26**

इस प्रश्न-पुस्तिका को तब तक न खोलें जब तक कहा न जाए । Do not open this Question Booklet until you are asked to do so.

6269153

प्रश्न-पुस्तिका संख्या व बारकोड / Question Booklet No. & Barcode

**Paper Code : 17**

**Paper – II**
**Sub : Punjabi**

**समय : 03:00 घण्टे + 10 मिनट अतिरिक्त***
**Time : 03:00 Hours + 10 Minutes Extra***

**अधिकतम अंक : 300**
**Maximum Marks : 300**

प्रश्न-पुस्तिका के पेपर की सील/पॉलिथीन बैग को खोलने पर प्रश्न-पत्र हल करने से पूर्व परीक्षार्थी यह सुनिश्चित कर लें कि :
- प्रश्न-पुस्तिका संख्या तथा ओ.एम.आर. उत्तर-पत्रक पर अंकित बारकोड संख्या समान हैं ।
- प्रश्न-पुस्तिका एवं ओ.एम.आर. उत्तर-पत्रक के सभी पृष्ठ व सभी प्रश्न सही मुद्रित हैं । समस्त प्रश्न, जैसा कि ऊपर वर्णित है, उपलब्ध हैं तथा कोई भी पृष्ठ कम नहीं है/ मुद्रण त्रुटि नहीं है ।

किसी भी प्रकार की विसंगति या दोषपूर्ण होने पर परीक्षार्थी वीक्षक से दूसरा प्रश्न-पत्र प्राप्त कर लें । यह सुनिश्चित करने की जिम्मेदारी अभ्यर्थी की होगी । परीक्षा प्रारम्भ होने के 5 मिनट पश्चात् ऐसे किसी दावे/आपत्ति पर कोई विचार नहीं किया जायेगा ।

**On opening the paper seal/polythene bag of the Question Booklet before attempting the question paper, the candidate should ensure that :**
- **Question Booklet Number and Barcode Number of OMR Answer Sheet are same.**
- **All pages & Questions of Question Booklet and OMR Answer Sheet are properly printed. All questions as mentioned above are available and no page is missing/misprinted.**

**If there is any discrepancy/defect, candidate must obtain another Question Booklet from Invigilator. Candidate himself shall be responsible for ensuring this. No claim/objection in this regard will be entertained after five minutes of start of examination.**

## परीक्षार्थियों के लिए निर्देश

1. **प्रत्येक प्रश्न के लिये एक विकल्प भरना अनिवार्य है ।**
2. **सभी प्रश्नों के अंक समान हैं ।**
3. प्रत्येक प्रश्न का मात्र **एक** ही उत्तर दीजिए । एक से अधिक उत्तर देने की दशा में प्रश्न के उत्तर को गलत माना जाएगा ।
4. **OMR** उत्तर-पत्रक इस प्रश्न-पुस्तिका के अन्दर रखा है । जब आपको प्रश्न-पुस्तिका खोलने को कहा जाए, तो उत्तर-पत्रक निकाल कर ध्यान से केवल नीले बॉल पॉइंट पेन से विवरण भरें ।
5. कृपया अपना रोल नम्बर ओ.एम.आर. उत्तर-पत्रक पर सावधानीपूर्वक सही भरें । गलत रोल नम्बर भरने पर परीक्षार्थी स्वयं उत्तरदायी होगा ।
6. **ओ.एम.आर. उत्तर-पत्रक में करेक्शन पेन/व्हाईटनर/सफेदा का उपयोग निषिद्ध है ।**
7. **प्रत्येक गलत उत्तर के लिए प्रश्न अंक का 1/3 भाग काटा जायेगा ।** गलत उत्तर से तात्पर्य अशुद्ध उत्तर अथवा किसी भी प्रश्न के एक से अधिक उत्तर से है ।
8. **प्रत्येक प्रश्न के पाँच विकल्प दिये गये हैं, जिन्हें क्रमश: 1, 2, 3, 4, 5 अंकित किया गया है । अभ्यर्थी को सही उत्तर निर्दिष्ट करते हुए उनमें से केवल एक गोले (बबल) को उत्तर-पत्रक पर नीले बॉल पॉइंट पेन से गहरा करना है ।**
9. **यदि आप प्रश्न का उत्तर नहीं देना चाहते हैं तो उत्तर-पत्रक में पाँचवें (5) विकल्प को गहरा करें । यदि पाँच में से कोई भी गोला गहरा नहीं किया जाता है, तो ऐसे प्रश्न के लिये प्रश्न अंक का 1/3 भाग काटा जायेगा ।**
10.* **प्रश्न-पत्र हल करने के उपरांत अभ्यर्थी अनिवार्य रूप से ओ.एम.आर. उत्तर-पत्रक जाँच लें कि समस्त प्रश्नों के लिये एक विकल्प (गोला) भर दिया गया है । इसके लिये ही निर्धारित समय से 10 मिनट का अतिरिक्त समय दिया गया है ।**
11. **यदि अभ्यर्थी 10% से अधिक प्रश्नों में पांच विकल्पों में से कोई भी विकल्प अंकित नहीं करता है तो उसको अयोग्य माना जायेगा ।**
12. **मोबाइल फोन अथवा अन्य किसी इलेक्ट्रोनिक यंत्र का परीक्षा हॉल में प्रयोग पूर्णतया वर्जित है । यदि किसी अभ्यर्थी के पास ऐसी कोई वर्जित सामग्री मिलती है तो उसके विरुद्ध आयोग द्वारा नियमानुसार कार्यवाही की जायेगी ।**

**चेतावनी :** अगर कोई अभ्यर्थी नकल करते पकड़ा जाता है या उसके पास से कोई अनधिकृत सामग्री पाई जाती है, तो उस अभ्यर्थी के विरुद्ध पुलिस में प्राथमिकी दर्ज कराते हुए **राजस्थान सार्वजनिक परीक्षा (भर्ती में अनुचित साधनों की रोकथाम अध्युपाय) अधिनियम, 2022 तथा अन्य प्रभावी कानून एवं आयोग के नियमों-प्रावधानों** के तहत कार्यवाही की जाएगी । साथ ही आयोग ऐसे अभ्यर्थी को भविष्य में होने वाली आयोग की समस्त परीक्षाओं से विवर्जित कर सकता है ।

## INSTRUCTIONS FOR CANDIDATES

1. **It is mandatory to fill one option for each question.**
2. **All** questions carry equal marks.
3. Only one answer is to be given for each question. If more than one answers are marked, it would be treated as wrong answer.
4. The **OMR** Answer Sheet is inside this Question Booklet. When you are directed to open the Question Booklet, take out the Answer Sheet and fill in the particulars carefully with **Blue Ball Point Pen** only.
5. Please correctly fill your Roll Number in **OMR** Answer Sheet. Candidates will themselves be responsible for filling wrong Roll No.
6. **Use of Correction Pen/Whitener in the OMR Answer Sheet is strictly forbidden.**
7. **1/3 part of the mark(s) of each question will be deducted for each wrong answer.** A wrong answer means an incorrect answer or more than one answers for any question.
8. **Each question has five options marked as 1, 2, 3, 4, 5. You have to darken only one circle (bubble) indicating the correct answer on the Answer Sheet using BLUE BALL POINT PEN.**
9. **If you are not attempting a question then you have to darken the circle '5'. If none of the five circles is darkened, one third (1/3) part of the marks of question shall be deducted.**
10.* **After solving question paper, candidate must ascertain that he/she has darkened one of the circles (bubbles) for each of the questions. Extra time of 10 minutes beyond scheduled time, is provided for this.**
11. **A candidate who has not darkened any of the five circles in more than 10% questions shall be disqualified.**
12. **Mobile Phone or any other electronic gadget in the examination hall is strictly prohibited. A candidate found with any of such objectionable material with him/her will be strictly dealt with as per rules.**

**Warning :** If a candidate is found copying or if any unauthorized material is found in his/her possession, F.I.R. would be lodged against him/her in the Police Station and he/she would be liable to be prosecuted under **Rajasthan Public Examination (Measures for Prevention of Unfair means in Recruitment) Act, 2022 & any other laws applicable and Commission's Rules-Regulations.** Commission may also debar him/her permanently from all future examinations.

उत्तर-पत्रक में दो प्रतियाँ हैं – मूल प्रति और कार्बन प्रति। परीक्षा समाप्ति पर परीक्षा कक्ष छोड़ने से पूर्व परीक्षार्थी उत्तर-पत्रक की दोनों प्रतियाँ वीक्षक को सौंपेंगे, परीक्षार्थी स्वयं कार्बन प्रति अलग नहीं करें । वीक्षक उत्तर-पत्रक की मूल प्रति को अपने पास जमा कर, कार्बन प्रति को मूल प्रति से कट लाइन से मोड़ कर सावधानीपूर्वक अलग कर परीक्षार्थी को सौंपेंगे, जिसे परीक्षार्थी अपने साथ ले जायेंगे । परीक्षार्थी को उत्तर-पत्रक की कार्बन प्रति चयन प्रक्रिया पूर्ण होने तक सुरक्षित रखनी होगी एवं आयोग द्वारा माँगे जाने पर प्रस्तुत करनी होगी ।

Lecturer (Cook) (Sec. Edu. Deptt.) (Comp. Exam) 2025
Exam Date - 07.06.2025

1. 'ਹਰ ਮਨੁੱਖ ਚਾਹੁੰਦਾ ਹੈ ਕਿ ਉਹ ਬੋਲਣ ਵੇਲੇ ਜਾਂ ਲਿਖਣ ਵੇਲੇ ਆਪਣੀ ਗੱਲ ਥੋੜ੍ਹੇ ਸ਼ਬਦਾਂ ਵਿਚ ਸਪਸ਼ਟ ਤੌਰ ਤੇ ਕਹਿ ਸਕੇ । ਇਸ ਤਰ੍ਹਾਂ ਭਾਸ਼ਾ ਦੀ ਵਰਤੋਂ ਵਿਚ ਸੰਖੇਪਤਾ ਵੀ ਆਉਂਦੀ ਹੈ ਅਤੇ ਪ੍ਰਭਾਵ ਵੀ ਵਧਦਾ ਹੈ ।' ਇਸ ਨੂੰ ਕਿਹਾ ਜਾਂਦਾ ਹੈ :

(1) ਬਹੁ-ਅਰਥਕ ਸ਼ਬਦ

(2) ਸਮਾਨਾਰਥਕ ਸ਼ਬਦ

(3) ਵਿਰੋਧੀ ਸ਼ਬਦ

(4) ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

2. ਕਿਸੇ ਵੀ ਤਰ੍ਹਾਂ ਦੇ ਨਜਾਇਜ਼ ਤਰੀਕੇ ਨਾਲ ਇੱਕਠਾ ਕੀਤਾ ਗਿਆ ਧਨ, ਕਾਲਾ ਧਨ ਅਖਵਾਉਂਦਾ ਹੈ । ਭਾਵ ਬੇਈਮਾਨੀ ਰਾਹੀਂ ਕੀਤੀ ਜਾਣ ਵਾਲੀ ਮੋਟੀ ਤੇ ਬੇ-ਹਿਸਾਬੀ ਕਮਾਈ ਕਾਲਾ ਧਨ ਅਖਵਾਉਂਦੀ ਹੈ । ਇਸ ਨੂੰ ਹਰ ਹੀਲੇ ਸਰਕਾਰ ਤੋਂ ਲੁਕਾ ਕੇ ਰੱਖਿਆ ਤੇ ਵਰਤਿਆ ਜਾਂਦਾ ਹੈ, ਤਾਂ ਜੋ ਸਰਕਾਰ ਨੂੰ ਇਸ ਕਮਾਈ ਦਾ ਕੋਈ ਲੇਖਾ ਜਾਂ ਟੈਕਸ ਨਾ ਦੇਣਾ ਪਵੇ । ਨਗਦੀ ਦੇ ਰੂਪ ਵਿਚ ਇੱਕਠੀ ਹੋਈ ਰਕਮ ਨੂੰ ਨਿੱਜੀ ਸੁਰੱਖਿਆ ਥਾਵਾਂ ਤੇ ਲੁਕਾਇਆ ਜਾਂਦਾ ਹੈ ਜਾਂ ਅਸਿੱਧੇ ਤੌਰ ਤੇ ਵਿਦੇਸ਼ੀ ਬੈਂਕਾਂ ਵਿਚ ਜਮ੍ਹਾਂ ਕਰਵਾਇਆ ਜਾਂਦਾ ਹੈ ਜਾਂ ਮਹਿੰਗੀਆਂ ਜਾਇਦਾਦਾਂ, ਸੋਨੇ-ਜਵਾਹਰਤ ਦੇ ਗਹਿਣੇ ਆਦਿ ਖਰੀਦ ਕੇ ਇਸ ਨੂੰ ਚਿੱਟੇ ਧਨ ਦੇ ਰੂਪ ਵਿਚ ਆਪ ਹੀ ਵਰਤ ਲਿਆ ਜਾਂਦਾ ਹੈ । ਰਿਸ਼ਵਤਖ਼ੋਰੀ, ਜਮ੍ਹਾਖ਼ੋਰੀ, ਮੁਨਾਫ਼ਾਖ਼ੋਰੀ, ਭ੍ਰਿਸ਼ਟਾਚਾਰ, ਟੈਕਸ-ਚੋਰੀ, ਚੁੰਗੀ, ਨਕਲੀ ਕਰੰਸੀ, ਵਿਦੇਸ਼ੀ ਸਿੱਕੇ ਦੀ ਹੇਰਾਫੇਰੀ, ਘੁਟਾਲੇ ਇਸ ਕਮਾਈ ਦੇ ਪ੍ਰਮੁੱਖ ਸਰੋਤ ਹਨ ।

ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਹੈ :

(1) ਟੈਕਸ ਚੋਰੀ

(2) ਰਿਸ਼ਵਤਖੋਰੀ

(3) ਕਾਲਾ ਧਨ ਇਕ ਬੁਰਾਈ

(4) ਵਿਦੇਸ਼ੀ ਸਿੱਕੇ ਦੀ ਹੇਰਾ-ਫੇਰੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

3. 'ਇੱਕੋ ਸਾਹੇ ਭੱਜਦੇ ਜਾਈਏ,
ਕਿਸੇ ਪੜਾਅ ਨਾ ਲਹੀਏ ।
ਦੇਖ ਮੁਲਾਇਮ ਸੇਜ ਫੁੱਲਾਂ ਦੀ,
ਧਰਨਾ ਮਾਰ ਨਾ ਬਹੀਏ ।
ਸੌ ਰੰਗਾਂ ਦੇ ਵਿਚੋਂ ਲੰਘ ਕੇ,
ਫਿਰ ਵੀ ਬੇਰੰਗ ਰਹੀਏ ।'

ਉਪਰੋਕਤ ਕਾਵਿ ਟੁਕੜੀ ਦੇ ਆਧਾਰ 'ਤੇ 'ਇਕੋ ਸਾਹੇ ਭੱਜਦੇ ਜਾਈਏ' ਦਾ ਭਾਵ ਅਰਥ ਹੈ :

(1) ਨਿਰੰਤਰ ਗਤੀਸ਼ੀਲ ਰਹਿਣਾ ।

(2) ਸਾਹੋ-ਸਾਹ ਹੋਣਾ ।

(3) ਭੱਜਣ ਤੇ ਜ਼ੋਰ ਦੇਣਾ ।

(4) ਇਕਹਿਰੇ ਸਾਹ ਭੱਜਣਾ ।

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

4. ਜਿਹੜਾ ਸ਼ਬਦ, ਵਾਕਾਂਸ਼ ਜਾਂ ਵਾਕ ਕਿਸੇ ਤੀਬਰ ਭਾਵ ਜਾਂ ਜਜ਼ਬੇ ਨੂੰ ਇਕ ਦਮ ਪ੍ਰਗਟ ਕਰੇ, ਉਸ ਪਿੱਛੇ ਜਿਸ ਚਿੰਨ ਦੀ ਵਰਤੋਂ ਕੀਤੀ ਜਾਂਦੀ ਹੈ, ਉਸ ਨੂੰ ਕਿਹਾ ਜਾਂਦਾ ਹੈ :

(1) ਡੰਡੀ (2) ਵਿਸਮਕ

(3) ਬਿੰਦੀ ਕਾਮਾ (4) ਦੁਬਿੰਦੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

5. ਜਦੋਂ ਕਿਸੇ ਵੀ ਮਿਹਨਤ ਤੇ ਖੂਨ ਪਸੀਨੇ ਦੀ ਕਮਾਈ ਦਾ ਕੋਈ ਹੋਰ ਆਰਾਮ ਨਾਲ ਬੈਠਾ ਲਾਭ ਉਠਾਈ ਜਾਵੇ ਤਾਂ ਕਹਿੰਦੇ ਹਨ :

(1) ਘਿਉ ਜੱਟੀ ਦਾ ਤੇਲ ਹੱਟੀ ਦਾ ।

(2) ਘਾਲ ਘਾਲ ਬੈਲ ਮਰੇ, ਖੇਤ ਚਰੇ ਤੁਰੰਗ ।

(3) ਘਿਉ ਵਿਚ ਰੰਭਾ, ਬੜਾ ਅਚੰਭਾ ।

(4) ਘੋੜੇ ਕੰਨ ਬਰਾਬਰ ਹੋਏ ।

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

6. 'ਸੱਤਰਿਆ-ਬਹੱਤਰਿਆ ਜਾਣਾ' ਦਾ ਕੀ ਭਾਵ ਅਰਥ ਹੈ ?

(1) ਬਜ਼ੁਰਗ ਹੋਣਾ

(2) ਸੱਤਰ ਜਾਂ ਬਹੱਤਰ ਸਾਲਾਂ ਦੇ ਹੋਣਾ

(3) ਮੱਤ ਮਾਰੀ ਜਾਣਾ

(4) ਘੱਟ ਉਮਰ ਵਿਚ ਵੱਧ ਦੇ ਦਿਸਣਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

7. "ਝੰਡੇ ਨਿਕਲੇ ਕੂਚ ਦਾ ਹੁਕਮ ਹੋਇਆ, ਚੜ੍ਹੇ ਸੂਰਮੇ ਸਿੰਘ ਦਲੇਰ ਮੀਆਂ

ਚੜ੍ਹੇ ਪੁੱਤ ਸਰਦਾਰਾਂ ਦੇ ਛੈਲ ਬਾਂਕੇ, ਜਿਵੇਂ ਬੇਲਿਉਂ ਨਿਕਲਦੇ ਸ਼ੇਰ ਮੀਆਂ ।"

ਉਪਰੋਕਤ ਕਾਵਿ-ਟੁਕੜੀ ਦਾ ਸੰਬੰਧ ਹੈ ;

(1) ਬੀਰ-ਰਸ (2) ਕਰੁਣਾ-ਰਸ

(3) ਸ਼ਿੰਗਾਰ-ਰਸ (4) ਅਦਭੁਤ-ਰਸ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

8. 'ਰਸ ਸੰਪ੍ਰਦਾਇ' ਦਾ ਮੋਢੀ ਕੌਣ ਸੀ ?

(1) ਆਨੰਦ ਵਰਧਨ (2) ਵਿਸ਼ਵਨਾਥ

(3) ਭਰਤਮੁਨੀ (4) ਵਾਮਨ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

9. ਕਿਸ ਛੰਦ ਵਿਚ ਦੋ ਤੁਕਾਂ, 24 ਮਾਤ੍ਰਾਵਾਂ ਅਤੇ 13, 11 ਉਤੇ ਵਿਸ਼ਰਾਮ ਹੁੰਦਾ ਹੈ ?

(1) ਦੋਹਿਰਾ (2) ਕਬਿੱਤ

(3) ਕੋਰੜਾ (4) ਬੈਂਤ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

10. 'ਤਾਤ ਮਾਤ ਜਿਹ ਜਾਤ ਨਾ ਪਾਤਾ ।

ਏਕ ਰੰਗ ਕਾਹੂ ਨਹਿ ਰਾਤਾ ।

ਸਰਬ ਜੋਤਿ ਕੇ ਬੀਚ ਸਮਾਨਾ ।

ਸਬਹੂੰ ਸਰਬ ਠੌਰ ਪਹਿਚਾਨਾ'

ਉਪਰੋਕਤ ਦਾ ਸੰਬੰਧ ਹੈ :

(1) ਦੋਹਿਰਾ (2) ਚੌਪਈ

(3) ਕੋਰੜਾ (4) ਕਬਿੱਤ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

11. ਹੇਠ ਦਿੱਤਾ ਕਾਵਿ-ਬੰਦ ਕਿਸ ਛੰਦ ਵਿਚ ਹੈ ?

ਨਾਜ਼ਕ ਪੈਰ ਮਲੂਕ ਸਸੀ ਦੇ, ਮਹਿੰਦੀ ਨਾਲ ਸਵਾਰੇ ।

ਆਸ਼ਿਕ ਵੇਖ ਬਹੇ ਇਕ ਵਾਰੀ, ਜੀਉ ਤਿਨਾ ਪਰ ਵਾਰੇ ।

ਬਾਲੂ ਰੇਤ ਤਪੇ ਵਿਚ ਥਲ ਦੇ, ਜੌਂ ਭੁੰਨਣ ਭਠਿਆਰੇ ।

ਹਾਸ਼ਮ ਵੇਖ ਯਕੀਨ ਸਸੀ ਦਾ, ਫੇਰ ਨਹੀਂ ਦਿਲ ਹਾਰੇ ।

(1) ਦਵਈਆ (2) ਕਬਿੱਤ

(3) ਕੋਰੜਾ (4) ਚੌਪਈ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

12. 'ਫਿਰ ਰੂਪ, ਸਰੂਪ, ਅਨੂਪ ਦਿਸੇ, ਫਿਰ ਜਿੰਦ ਦੀਵਾਨੀ ਝਲੀ, ਝਲੀ ।

ਫਿਰ ਹੋਸ਼, ਬੇਹੋਸ਼, ਮਦਹੋਸ਼ ਹੋਈ, ਫਿਰ ਪਤ ਰੁਲੇਂਦੀ ਗਲੀ ਗਲੀ ।'

ਉਪਰੋਕਤ ਸਤਰਾਂ ਵਿਚ 'ਹੋਸ਼' ਸ਼ਬਦਾਂਸ਼ ਕਿਹੜੇ ਅਲੰਕਾਰ ਦੀ ਉਦਾਹਰਨ ਹੈ ?

(1) ਅਨੁਪ੍ਰਾਸ ਅਲੰਕਾਰ

(2) ਉਪਮਾ ਅਲੰਕਾਰ

(3) ਦ੍ਰਿਸ਼ਟਾਂਤ ਅਲੰਕਾਰ

(4) ਅਤਿਕਥਨੀ ਅਲੰਕਾਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

13. ਅਲੰਕਾਰ-ਸਿਧਾਂਤ ਦੇ ਸਥਾਪਤ ਆਚਾਰੀਆ ਕੌਣ ਹਨ ?

(1) ਆਚਾਰੀਆ ਵਾਮਨ

(2) ਆਚਾਰੀਆ ਭਾਮਹ

(3) ਆਚਾਰੀਆ ਕੁੰਤਕ

(4) ਆਚਾਰੀਆ ਆਨੰਦ ਵਰਧਨ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

14. ਪੂਰੀਆਂ ਯਾਦਾਂ ਦੇ ਆਧਾਰ ਉੱਤੇ ਰੇਖਾ-ਚਿੱਤਰ ਰਚਿਆ ਜਾਂਦਾ ਹੈ :

(1) ਮਨੋਵਿਗਿਆਨਿਕ ਰੇਖਾ ਚਿੱਤਰ

(2) ਵਿਅੰਗਾਂਤਮਕ ਰੇਖਾ ਚਿੱਤਰ

(3) ਇਤਿਹਾਸਕ ਰੇਖਾ ਚਿੱਤਰ

(4) ਸੰਸਮਰਣਾਤਮਕ ਰੇਖਾ ਚਿੱਤਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

15. ਇਹ ਨਾਵਲ ਦਾ ਤੱਤ ਨਹੀਂ ਹੈ :

(1) ਰੰਗਮੰਚ (2) ਕਥਾਨਕ

(3) ਪਾਤਰ-ਉਸਾਰੀ (4) ਵਾਰਤਾਲਾਪ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

16. ਭੂਗੋਲਿਕ ਜਾਣਕਾਰੀ ਕਿਸ ਸਾਹਿਤ ਰੂਪ ਵਿਚ ਮਹੱਤਵ ਰੱਖਦੀ ਹੈ ?

(1) ਨਾਵਲ (2) ਨਾਟਕ

(3) ਜੀਵਨੀ (4) ਸਫ਼ਰਨਾਮਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

17. ਸੌਂ ਜਾ ਨੈਵੀ ਤੂੰ, ਤੇਰੇ ਬੋਦੇ ਲੜ ਗਈ ਜੂੰ

ਕੱਡਣ ਵਾਲੀਆਂ ਮਾਸੀਆਂ, ਕਢਵਾਉਣ ਵਾਲਾ ਤੂੰ..

ਇਹ ਕਾਵਿ-ਟੁਕੜੀ ਹੇਠ ਲਿਖਿਆਂ ਵਿਚੋਂ ਕਿਸ ਨਾਲ ਸੰਬੰਧਤ ਹੈ ?

(1) ਲੋਰੀ

(2) ਸੁਹਾਗ

(3) ਘੋੜੀ

(4) ਕਿਸੇ ਨਾਲ ਵੀ ਨਹੀਂ ।

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

18. ਸੁਹਾਗ ਦੇ ਗੀਤਾਂ ਵਿਚ ਵਿਯੋਗ ਦੇ ਭਾਵਾਂ ਦੇ ਨਾਲ-ਨਾਲ ਕਿਸ ਰਸ ਦਾ ਪ੍ਰਗਟਾਵਾ ਹੁੰਦਾ ਹੈ ?

(1) ਸ਼ਾਂਤ ਰਸ (2) ਭਿਆਨਕ ਰਸ

(3) ਕਰੁਣਾ ਰਸ (4) ਰੌਦਰ ਰਸ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

19. ਇਹ ਪੰਜਾਬ ਦਾ ਸੋਗੀ ਜਾਂ ਮਾਤਮੀ ਲੋਕ-ਕਾਵਿ ਹੈ । ਇਸ ਨੂੰ ਪੇਸ਼ ਕਰਨ ਵਾਲੀ ਪਿੰਡ ਦੀ ਮਰਾਸਣ ਜਾਂ ਨਾਇਣ ਹੁੰਦੀ ਹੈ । ਇਸਦਾ ਵਿਸ਼ਾ ਵਿੱਛੜ ਗਏ ਜੀਅ ਦੇ ਗੁਣਾਂ ਦਾ ਗਾਨ ਕਰਕੇ ਪਿੱਛੇ ਰਹਿ ਗਏ ਪਰਿਵਾਰਕ ਮੈਂਬਰਾਂ ਨੂੰ ਧਰਵਾਸ ਦੇਣਾ ਹੁੰਦਾ ਹੈ ।

ਇਹ ਕਿਹੜੀ ਲੋਕ-ਸਾਹਿਤ ਵੰਨਗੀ ਹੈ :

(1) ਬੁਝਾਰਤ (2) ਢੋਲਾ

(3) ਮਾਹੀਆ (4) ਅਲਾਹੁਣੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

20. ਇਹ ਮੇਲਾ ਚੇਤਰ ਦੇ ਮਹੀਨੇ ਦੇ ਪਹਿਲੇ ਮੰਗਲਵਾਰ ਨੂੰ ਸੀਤਲਾ ਦੇਵੀ ਨੂੰ ਪਤਿਆਉਣ ਲਈ ਲਗਦਾ ਹੈ । ਲੋਕਾਂ ਦਾ ਨਿਸ਼ਚਾ ਹੈ ਕਿ ਬੱਚਿਆਂ ਨੂੰ ਚੇਚਕ ਦੇ ਦਾਣੇ, ਸੀਤਲਾ ਦੇਵੀ ਦੇ ਪ੍ਰਵੇਸ਼ ਕਰਨ ਨਾਲ ਨਿਕਲਦੇ ਹਨ । ਇਸ ਮੇਲੇ ਵਿਚ ਦੇਵੀ ਮਾਤਾ ਨੂੰ 'ਬਹਿੜੀਏ' ਅਥਵਾ ਬੇਹੇ ਗੁਲਗੁਲੇ ਭੇਟ ਕੀਤੇ ਜਾਂਦੇ ਹਨ ।

ਉਪਰੋਕਤ ਪੈਰ੍ਹੇ ਵਿਚ ਕਿਸ ਮੇਲੇ ਦਾ ਜ਼ਿਕਰ ਹੈ :

(1) ਛਪਾਰ ਦਾ ਮੇਲਾ

(2) ਜਰਗ ਦਾ ਮੇਲਾ

(3) ਜਗਰਾਵਾਂ ਦੀ ਰੋਸ਼ਨੀ

(4) ਮਾਘੀ ਦਾ ਮੇਲਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

21. ਲੋਕ-ਖੇਡਾਂ ਜਿਵੇਂ ਕਿ ਗੀਟੇ-ਗੀਟੀਆਂ, ਕੌਡੀਆਂ, ਗੁੱਲੀ-ਡੰਡਾ, ਪੀਚੋ, ਖੁੱਦੋ ਖੂੰਡੀ ਆਦਿ ਦਾ ਕੀ ਕੋਈ ਨਿਸ਼ਚਿਤ ਸਮਾਂ ਹੁੰਦਾ ਹੈ ਜਾਂ ਫਿਰ :

(1) ਕੇਵਲ ਸਵੇਰੇ

(2) ਕੇਵਲ ਦੁਪਹਿਰੇ

(3) ਕੇਵਲ ਸ਼ਾਮ ਨੂੰ

(4) ਜਦੋਂ ਵੀ ਵਿਹਲ ਮਿਲ ਜਾਵੇ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

22. ਲੋਕ ਨਾਚ 'ਭੰਗੜਾ' ਲਈ ਕਿਹੜਾ ਖ਼ਾਸ ਪਹਿਰਾਵਾ ਮਿਥਿਆ ਹੋਇਆ ਹੈ ?

(1) ਕੁੜਤਾ ਪਜਾਮਾ

(2) ਕੁੜਤਾ ਚਾਦਰਾ

(3) ਕੁੜਤਾ, ਚਾਦਰਾ ਤੇ ਸ਼ਮਲੇ ਵਾਲੀ ਪੱਗ

(4) ਉਪਰੋਕਤ ਚੋਂ ਕੋਈ ਵੀ ਨਹੀਂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

23. ਪਰੀ-ਕਥਾਵਾਂ ਵਿਚ ਕਹਾਣੀ-ਰਸ ਲੋਹੜੇ ਦਾ ਹੁੰਦਾ ਹੈ ਸ਼ਾਇਦ ਤਦੇ ਹੀ ਮਨੋਰੰਜਨ ਇਹਨਾਂ ਦਾ ਮੁੱਖ ਉਦੇਸ਼ ਰਿਹਾ ਹੈ । ਇਹਨਾਂ ਕਥਾਵਾਂ ਵਿਚ ਪ੍ਰਮੁੱਖ ਤੌਰ ਤੇ ਹੁੰਦਾ ਹੈ :

(1) ਕੇਵਲ ਰਹੁ-ਰੀਤੀਆਂ

(2) ਕੇਵਲ ਆਤਮ-ਵਿਸ਼ਵਾਸ

(3) ਅਨੇਕਾਂ-ਰੂੜ੍ਹੀਆਂ

(4) ਰਹੁ-ਰੀਤੀਆਂ, ਆਤਮ-ਵਿਸ਼ਵਾਸ ਅਤੇ ਅਨੇਕਾਂ ਰੂੜ੍ਹੀਆਂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

24. ਅਨਾਰਾਂ ਸ਼ਹਿਜ਼ਾਦੀ, ਸ਼ਾਹਣੀ ਚਿੜ੍ਹੀ, ਸੰਦਲਾਂ ਪਰੀ ਜਿਹੀਆਂ ਕਹਾਣੀਆਂ ਕਿਹੜੀ ਲੋਕ-ਕਹਾਣੀ ਦੀ ਵੰਨਗੀ ਵਿਚ ਆਉਂਦੀਆਂ ਹਨ :

(1) ਨੀਤੀ-ਕਥਾਵਾਂ

(2) ਪਰੀ-ਕਥਾਵਾਂ

(3) ਦੰਦ-ਕਥਾਵਾਂ

(4) ਇਨ੍ਹਾਂ 'ਚੋਂ ਕੋਈ ਨਹੀਂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

25. "ਇਹ ਕਥਾ ਇਤਿਹਾਸਕ ਤੱਥ ਉਪਰ ਆਧਾਰਿਤ ਕਿਸੇ ਇਤਿਹਾਸਕ ਵਿਅਕਤੀ, ਘਟਨਾ ਜਾਂ ਸਥਿਤੀ ਨਾਲ ਸੰਬੰਧਿਤ ਪਰੰਪਰਾਗਤ ਬਿਤਾਂਤ ਹੈ, ਜਿਸ ਵਿਚ ਤੱਥ ਅਤੇ ਮਿੱਥ ਦਾ ਸੁਮੇਲ ਹੁੰਦਾ ਹੈ ਅਥਵਾ ਇਸਦਾ ਬ੍ਰਿਤਾਂਤ ਇਤਿਹਾਸ ਦਾ ਵਿਗੜਿਆ ਰੂਪ ਹੁੰਦਾ ਹੈ ।" ਵਣਜਾਰਾ ਬੇਦੀ ਦਾ ਇਹ ਕਥਨ ਕਿਸ ਲੋਕ-ਕਹਾਣੀ ਵੱਲ ਇਸ਼ਾਰਾ ਕਰਦਾ ਹੈ :

(1) ਨੀਤੀ-ਕਥਾ

(2) ਪਰੀ-ਕਥਾ

(3) ਦੰਦ-ਕਥਾ

(4) ਇਨ੍ਹਾਂ 'ਚੋਂ ਕੋਈ ਨਹੀਂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

26. 'ਬਕਤੇ ਆਗੇ ਸਰੋਤਾ ਹੋਇਬਾ, ਰਹੁ ਸੌਸ ਆਗੇ ਮਸਕੀਨਾ,
ਗੁਰੁ ਆਗੇ ਚੇਲਾ ਹੋਇਬਾ, ਇਹੋ ਬਾਤ ਪਰਬੀਨਾ' ।

ਕਾਵਿ ਸਤਰਾਂ ਦਾ ਕਰਤਾ ਹੈ:

(1) ਗੋਪੀ ਚੰਦ (2) ਚਰਪਟ ਨਾਥ

(3) ਮਛੰਦਰ ਨਾਥ (4) ਰਤਨ ਨਾਥ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

27. ਸੁਨ ਮੰਡਲ ਮੈ ਮਨ ਕਾ ਬਾਸਾ ।
ਜਹਾ ਪ੍ਰੇਮ ਜੋਤਿ ਪ੍ਰਕਾਸਾ ।
ਆਪੇ ਪੁਛੈ ਆਪੇ ਕਹੈ ।
ਸਤਿਗੁਰੂ ਮਿਲੈ ਤੇ ਪ੍ਰੇਮ ਪਦ ਲਹੈ ।

ਉਪਰੋਕਤ ਕਾਵਿ-ਪੰਕਤੀਆਂ ਕਿਸ ਨਾਥ ਜੋਗੀ ਦੀਆਂ ਹਨ :

(1) ਮਛੰਦਰ ਨਾਥ (2) ਚਰਪਟ ਨਾਥ

(3) ਜਲੰਧਰ ਨਾਥ (4) ਰਤਨ ਨਾਥ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

28. 'ਰਤੇ ਇਸ਼ਕ ਖੁਦਾਇ ਰੰਗਿ ਦੀਦਾਰ ਕੇ ।
ਵਿਸਰਿਆ ਜਿਨ੍ਹ ਨਾਮੁ ਤੇ ਭੁਇ ਭਾਰ ਥੀਏ ।'

ਇਹ ਸਤਰਾਂ ਦਾ ਕਰਤਾ ਹੈ :

(1) ਸ਼ਾਹ ਹੁਸੈਨ

(2) ਬਾਬਾ ਫ਼ਰੀਦ

(3) ਮੀਆਂ ਵਜੀਦ

(4) ਬੁਲ੍ਹੇ ਸ਼ਾਹ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

29. ਸੂਫ਼ੀ ਕਾਵਿ ਧਾਰਾ ਦੇ ਕਿਸ ਕਵੀ ਨੇ ਤਸੱਵੁਫ਼ ਦੇ ਕਿਸੇ ਮਸਲੇ ਨੂੰ ਬਿਆਨ ਕਰਨ ਦੀ ਥਾਂ ਇਸ ਨੂੰ ਰੂਹਾਨੀ ਜ਼ਿੰਦਗੀ ਵਿਚ ਘਟਦੇ ਜਾਂ ਵਾਪਰਦੇ ਦਿਖਾਉਣ ਵਿਚ ਵਧੇਰੇ ਦਿਲਚਸਪੀ ਲਈ ਹੈ ਅਤੇ ਇਸ ਤੋਂ ਵਧੇਰੇ ਦਿਲਚਸਪੀ ਲਈ ਹੈ ਆਪਣੇ ਵਜੂਦ ਦੇ ਮਾਧਿਅਮ ਦੁਆਰਾ ਆਪਣਾ 'ਹਾਲ' ਸਾਡੇ ਨਾਲ ਸਾਂਝਾ ਕਰਨ ਵਿਚ :

(1) ਸ਼ੇਖ਼ ਫ਼ਰੀਦ (2) ਸੁਲਤਾਨ ਬਾਹੂ

(3) ਸ਼ਾਹ ਹੁਸੈਨ (4) ਮੀਆਂ ਵਜੀਦ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

30. ਕਿਸ ਸੂਫ਼ੀ ਕਵੀ ਦਾ ਕਾਵਿ-ਰੂਪ ਸੀਹਰਫ਼ੀ, ਪੰਜਾਬੀ ਕਾਵਿ ਦੇ ਇਤਿਹਾਸ ਵਿਚ ਵਰਤਿਆ ਗਿਆ, ਪਹਿਲਾ ਕਾਵਿ-ਰੂਪ ਹੈ :

(1) ਬੁੱਲ੍ਹੇ ਸ਼ਾਹ (2) ਮੀਆਂ ਵਜੀਦ

(3) ਸ਼ਾਹ ਹੁਸੈਨ (4) ਸੁਲਤਾਨ ਬਾਹੂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

31. ਹੇਠ ਦਿੱਤੇ ਕਾਵਿ-ਬੰਦ ਦਾ ਰਚਨਾਕਾਰ ਕੌਣ ਹੈ ?

ਮੂਰਖ ਨੂੰ ਅਸਵਾਰੀ ਹਾਥੀ ਘੋੜਿਆਂ ।
ਪੰਡਤ, ਪੀਰ ਪਿਆਦੇ, ਪਾਟੇ ਜੋੜਿਆਂ ।
ਕਰਦਾ ਸੁਗੜ ਮਜੂਰੀ, ਮੂਰਖ ਦੇ ਘਰ ਜਾਇ ।

(1) ਅਲੀ ਹੈਦਰ (2) ਫ਼ਰਦ ਫਰੀਕ

(3) ਵਜੀਦ (4) ਬੁੱਲ੍ਹੇ ਸ਼ਾਹ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

32. ਹੇਠ ਦਿੱਤਾ ਕਾਵਿ-ਬੰਦ ਕਿਸ ਸਿਧਾਂਤ ਵੱਲ ਇਸ਼ਾਰਾ ਹੈ ?

ਰਾਂਝਾ ਰਾਂਝਾ ਕਰਦੀ ਨੀ ਮੈਂ, ਆਪੇ ਰਾਂਝਾ ਹੋਈ ।

ਸੱਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨਾ ਆਖੋ ਕੋਈ ।

(1) ਦਵੈਤਵਾਦ (2) ਅਦਵੈਤਵਾਦ

(3) ਇਸ਼ਕ ਮਜਾਜੀ (4) ਨਾਸ਼ਵਾਨਤਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

33. "ਸਭ ਮਹਿ ਜੋਤਿ ਜੋਤਿ ਹੈ ਸੋਇ ।।

ਤਿਸ ਕੈ ਚਾਨਣਿ ਸਭ ਮਹਿ ਚਾਨਣ ਹੋਇ ।।

ਗੁਰ ਸਾਖੀ ਜੋਤਿ ਪਰਗਟੁ ਹੋਇ ।।"

ਉਪਰੋਕਤ ਸਤਰਾਂ ਦਾ ਕਰਤਾ ਹੈ :

(1) ਗੁਰੂ ਅੰਗਦ (2) ਗੁਰੂ ਅਮਰ ਦਾਸ

(3) ਗੁਰੂ ਨਾਨਕ ਦੇਵ (4) ਗੁਰੂ ਰਾਮ ਦਾਸ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

34. ਗੁਰੂ ਤੇਗ਼ ਬਹਾਦਰ ਜੀ ਨੇ ਜੈਜਾਵੰਤੀ ਰਾਗ ਵਿੱਚ ਕਿੰਨੇ ਚੁਪੱਦਿਆਂ ਦੀ ਰਚਨਾ ਕੀਤੀ ਹੈ ?

(1) ਦੋ (2) ਚਾਰ

(3) ਤਿੰਨ (4) ਪੰਜ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

35. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਰਾਮਦਾਸ ਜੀ ਦੀਆਂ ਕੁਲ ਕਿੰਨੀਆਂ ਵਾਰਾਂ ਦਰਜ ਹਨ ?

(1) ਚਾਰ (2) ਛੇ

(3) ਅੱਠ (4) ਦਸ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

36. 'ਗਰੀਬਾਂ ਉਪਰਿ ਜਿ ਖਿੰਜੈ ਦਾੜੀ

ਪਾਰ-ਬ੍ਰਹੱਮ ਸਾ ਅਗਨਿ ਮਹਿ ਸਾੜੀ ।

ਪੂਰਾ ਨਿਆਓ ਕਰੇ ਕਰਤਾਰੁ ।'

ਇਹਨਾਂ ਸਤਰਾਂ ਦਾ ਕਰਤਾ ਕੌਣ ਹੈ :

(1) ਭਾਈ ਗੁਰਦਾਸ (2) ਗੁਰੂ ਤੇਗ ਬਹਾਦਰ

(3) ਗੁਰੂ ਅਰਜਨ ਦੇਵ (4) ਗੁਰੂ ਰਾਮ ਦਾਸ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

37. 'ਸਿੱਖਾਂ ਦੀ ਭਗਤਮਾਲਾ' ਭਾਈ ਗੁਰਦਾਸ ਜੀ ਦੀ ਕਿਸ ਵਾਰ ਤੇ ਆਧਾਰਿਤ ਹੈ ?

(1) ਪਹਿਲੀ ਵਾਰ

(2) ਦੱਸਵੀਂ ਵਾਰ

(3) ਗਿਆਰਵੀਂ ਵਾਰ

(4) ਤੇਰਹਵੀਂ ਵਾਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

38. "ਬੈਠੀ ਹੀਰ ਉਡਾਵੇ ਕਾਵਾਂ, ਇਹੋ ਜ਼ਿਕਰ ਕਰੇਂਦੀ ।

ਉਠੀ ਵੇਖੇ ਪੈਂਡੇ ਵਲੋਂ, ਇਹ ਫਿਕਰ ਕਰੇਂਦੀ ।

ਆਖ ਸਹੀ ਸਚ, ਮਹਿਰਮ ਰਾਂਝਾ, ਮੈਂ ਤੱਤੀ ਹੁਣ ਕੇਂਦੀ ।

ਆਖ ਦਮੋਦਰ ਵਿਥਾਂ ਪਾਈਆਂ, ਮੈਂ ਮਰਸਾਂ ਖੋਜ ਢੂਡੇਂਦੀ" ।

ਦਮੋਦਰ ਨੇ ਵਿਯੋਗ ਦੀ ਸਥਿਤੀ ਵਿਚ ਕਿਸ 'ਰਸ' ਨੂੰ ਬੜੀ ਕਲਾਮਈ ਕਲਮ ਨਾਲ ਨਿਭਾਇਆ ਹੈ :

(1) ਬੀਰ ਰਸ (2) ਰੌਦਰ ਰਸ

(3) ਸ਼ਾਂਤ ਰਸ (4) ਸ਼ਿੰਗਾਰ ਰਸ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

39. 'ਮਿਰਜ਼ੇ ਵਿੱਚ ਬੜਾ ਗੁਮਾਨ ਸੀ, ਫਿਰ ਸੌਂ ਗਿਆ ਜੰਡੂਰੇ ਦੇ ਪਾਸ ।
ਮੈਂ ਵਲ ਵਲ ਵੱਢ ਦਿਆਂਗਾ ਸੂਰਮੇ, ਦੇਊ ਪੂਰ ਖਪਾ ।'
ਪੀਲੂ ਨੇ ਮਿਰਜ਼ੇ ਦਾ ਜਿਹੜਾ 'ਬਿੰਬ' ਪੇਸ਼ ਕੀਤਾ ਹੈ ਉਹ ਪ੍ਰਤਿਨਿਧਤਾ ਕਰਦਾ ਹੈ :

(1) ਪੂੰਜੀਵਾਦੀ ਯੁੱਗ ਦੀ ।
(2) ਕਬੀਲੇਦਾਰੀ ਯੁੱਗ ਦੀ ।
(3) ਪੱਥਰ ਯੁੱਗ ਦੀ ।
(4) ਉਦਯੋਗਿਕ ਯੁੱਗ ਦੀ ।
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

40. ਯੂਸਫ਼ ਜ਼ੁਲੈਖਾ ਦੇ ਕਿੱਸੇ ਨੂੰ ਪਹਿਲੀ ਵਾਰ ਪੰਜਾਬੀ ਰੂਪ ਕਿਸ ਨੇ ਦਿੱਤਾ ?

(1) ਸਦੀਕ ਲਾਲੀ
(2) ਮੀਆਂ ਚਿਰਾਗ
(3) ਹਾਫ਼ਜ਼ ਬਰਖ਼ੁਰਦਾਰ
(4) ਫ਼ਜ਼ਲ ਸ਼ਾਹ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

41. ਕਿਹੜੇ ਲੇਖਕ ਨੇ ਹਾਸ਼ਮ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰੀ ਕਵੀ ਕਿਹਾ ਹੈ :

(1) ਮੌਲਾ ਬਖਸ਼ ਕੁਸ਼ਤਾ
(2) ਬਾਵਾ ਬੁੱਧ ਸਿੰਘ
(3) ਅਹਿਮਦਯਾਰ
(4) ਡਾ. ਮੋਹਨ ਸਿੰਘ ਦੀਵਾਨਾ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

42. 'ਚੰਡੀ ਦੀ ਵਾਰ' ਦੀ ਪਹਿਲੀ ਪਉੜੀ ਜਿਸ ਨੂੰ ਮੰਗਲਾਚਰਣ ਵਾਂਗ ਲਿਖਿਆ ਗਿਆ ਹੈ, ਵਿਚ ਕਿੰਨੇ ਗੁਰੂ ਸਾਹਿਬਾਨ ਨੂੰ ਸਿਮਰਿਆ ਗਿਆ ਹੈ :

(1) ਛੇ (2) ਸੱਤ
(3) ਅੱਠ (4) ਨੌਂ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

43. ਨਜਾਬਤ ਦੀ ਲਿਖੀ 'ਨਾਦਰ ਸ਼ਾਹ ਦੀ ਵਾਰ' ਦਾ ਕਥਾਨਕ ਕਿਹੋ ਜਿਹਾ ਹੈ :

(1) ਮਿਥਿਹਾਸਕ (2) ਕਲਪਨਾਤਮਕ
(3) ਇਤਿਹਾਸਕ (4) ਸਕਾਰਾਤਮਕ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

44. ਭਾਈ ਵੀਰ ਸਿੰਘ ਦੀਆਂ ਕਾਵਿ-ਪੁਸਤਕਾਂ ਦਾ ਜੁੱਟ ਹੈ :

(1) ਰਾਣਾ ਸੂਰਤ ਸਿੰਘ, ਲਹਿਰਾਂ ਦੇ ਹਾਰ, ਮਟਕ ਹੁਲਾਰੇ, ਚੰਦਨਬਾੜੀ
(2) ਰਾਣਾ ਸੂਰਤ ਸਿੰਘ, ਲਹਿਰਾਂ ਦੇ ਹਾਰ, ਮਟਕ ਹੁਲਾਰੇ, ਕੇਸਰ ਕਿਆਰੀ
(3) ਰਾਣਾ ਸੂਰਤ ਸਿੰਘ, ਲਹਿਰਾਂ ਦੇ ਹਾਰ, ਮਟਕ ਹੁਲਾਰੇ, ਬਿਜਲੀਆਂ ਦੇ ਹਾਰ
(4) ਰਾਣਾ ਸੂਰਤ ਸਿੰਘ, ਲਹਿਰਾਂ ਦੇ ਹਾਰ, ਮਟਕ ਹੁਲਾਰੇ, ਫੁੱਲਾਂ ਦੀ ਟੋਕਰੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

45. ਭ੍ਰਿਸ਼ਟ-ਰਾਜਸੀ ਪ੍ਰਬੰਧ ਦੇ ਪੁਰਜ਼ਿਆਂ ਪ੍ਰਤੀ ਕਵੀ ਦੀ ਜਮਾਤੀ ਨਫਰਤ ਉਨ੍ਹਾਂ ਲਈ ਨਵੇਂ ਵਿਸ਼ੇਸ਼ਣੀ ਸ਼ਬਦਾਂ ਦੀ ਘਾੜਤ ਘੜਦੀ ਹੈ, ਜਿਵੇਂ ਲਾਲ ਪਗੜੀਆਂ ਵਾਲੇ ਆਲੋਚਕ, ਕਿਰਚ ਮੂੰਹੇਂ ਮੁਨਸ਼ੀ, ਹੁਕਮਰਾਨ ਔਰਤ, ਮੀਸਣਾ ਪਾਇਲਟ ਆਦਿ ।
ਉਪਰੋਕਤ ਵਾਕ ਵਿਚ ਕਿਸ ਕਵੀ ਪ੍ਰਤੀ ਉਲੇਖ ਕੀਤਾ ਗਿਆ ਹੈ :

(1) ਸੰਤ ਰਾਮ ਉਦਾਸੀ (2) ਅਵਤਾਰ ਪਾਸ਼
(3) ਬਾਵਾ ਬਲਵੰਤ (4) ਸੁਰਜੀਤ ਪਾਤਰ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

46. 'ਮੇਰੀ ਕਿਰਤ ਨੂੰ ਲੁੱਟਣ ਵਾਲਿਓ

ਕਿਉਂ ਪੀਵੋ ਰੱਤ ਬਹਾਰਾਂ ਦੀ

ਧਰਤੀ ਹੈ ਮਜ਼ਦੂਰਾਂ ਦੀ

ਇਹ ਨਹੀਂ ਸਰਮਾਏਦਾਰਾਂ ਦੀ ।'

ਉਪਰੋਕਤ ਸਤਰਾਂ ਦਾ ਕਰਤਾ ਹੈ :

(1) ਮੋਹਨ ਸਿੰਘ (2) ਅੰਮ੍ਰਿਤਾ ਪ੍ਰੀਤਮ

(3) ਜਸਵੰਤ ਜ਼ਫ਼ਰ (4) ਸੰਤ ਰਾਮ ਉਦਾਸੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

47. "ਭਾਵੇਂ ਡਾ. ਕਰਮਜੀਤ ਸਿੰਘ ਨੇ ਉਸਨੂੰ ਧਾਰਾਵਾਂ ਬਾਹਰਾ ਕਵੀ ਆਖਿਆ ਹੈ ਪਰ ਅਸਲ ਵਿਚ ਤਾਂ ਉਹ ਰੋਮਾਂਟਿਕ ਕਵੀ ਸੀ ।"

ਇਹ ਕਥਨ ਕਿਸ ਕਵੀ ਬਾਰੇ ਹੈ :

(1) ਸ਼ਿਵ ਕੁਮਾਰ ਬਟਾਲਵੀ

(2) ਪ੍ਰੋ. ਮੋਹਨ ਸਿੰਘ

(3) ਧਨੀ ਰਾਮ ਚਾਤ੍ਰਿਕ

(4) ਡਾ. ਹਰਿਭਜਨ ਸਿੰਘ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

48. ਸਾਹਿਤ ਅਕਾਦੇਮੀ ਦਿੱਲੀ ਵੱਲੋਂ ਸੁਰਜੀਤ ਪਾਤਰ ਨੂੰ ਕਿਸ ਪੁਸਤਕ ਲਈ ਪੁਰਸਕ੍ਰਿਤ ਕੀਤਾ :

(1) ਹਵਾ ਵਿਚ ਲਿਖੇ ਹਰਫ਼

(2) ਬਿਰਖ ਅਰਜ ਕਰੇ

(3) ਹਨੇਰੇ ਵਿਚ ਸੁਲਘਦੀ ਵਰਨਮਾਲਾ

(4) ਲਫ਼ਜ਼ਾਂ ਦੀ ਦਰਗਾਹ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

49. ਪ੍ਰਿੰਸੀਪਲ ਤੇਜਾ ਸਿੰਘ ਦੇ ਨਿਬੰਧ ਸੰਗ੍ਰਹਿ ਹਨ :

(1) ਸਹਿਜ ਸੁਭਾ, ਨਵੀਆਂ ਸੋਚਾਂ, ਸਭਿਆਚਾਰ, ਆਤਮ ਸੁਧਾਰ

(2) ਸਹਿਜ ਸੁਭਾ, ਨਵੀਆਂ ਸੋਚਾਂ, ਸਭਿਆਚਾਰ, ਕਮਾਈ ਦੀ ਬਰਕਤ

(3) ਸਹਿਜ ਸੁਭਾ, ਨਵੀਆਂ ਸੋਚਾਂ, ਸਭਿਆਚਾਰ, ਸਾਹਿਤ ਦਰਸ਼ਨ

(4) ਸਹਿਜ ਸੁਭਾ, ਨਵੀਆਂ ਸੋਚਾਂ, ਸਭਿਆਚਾਰ, ਜੀਵਨ ਸੁਧਾਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

50. ਪ੍ਰੋ ਸਾਹਿਬ ਸਿੰਘ ਨੇ ਨਿਬੰਧ ਸਿਰਜਨਾ ਅਧੀਨ ਕਿਸ ਖੇਤਰ ਵਿਚ ਵਧੇਰੇ ਯੋਗਦਾਨ ਪਾਇਆ :

(1) ਆਮ ਜੀਵਨ ਦੇ ਮਸਲਿਆਂ ਤੇ ਨਿਬੰਧ ਲਿਖੇ ।

(2) ਪੱਛਮੀ ਚਿੰਤਨ ਸੰਬੰਧੀ ਨਿਬੰਧ ਲਿਖੇ ।

(3) ਗੁਰਮਤਿ ਸਿਧਾਂਤਾਂ ਨੂੰ ਵਿਗਿਆਨਕ ਰੂਪ ਦਿੱਤਾ ।

(4) ਇਤਿਹਾਸਕ ਮਸਲਿਆਂ ਦੇ ਖੇਤਰ ਉੱਤੇ ਨਿਬੰਧ ਲਿਖੇ ।

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

51. ਇਹ ਗੁਰਮਤਿ ਸਾਹਿਤ ਦਾ ਖੋਜੀ ਪੱਤਰਕਾਰ ਤੇ ਲਿਪੀ ਦੇ ਕਈ ਕਠਿਨ ਮਸਲਿਆਂ ਨੂੰ ਸੁਲਝਾਉਣ ਵਾਲਾ ਲੇਖਕ ਸੀ । ਇਸਦੇ ਨਾਲ ਹੀ ਉਸਨੇ ਪੰਜਾਬੀ ਸਭਿਅਤਾ, ਸੰਸਕ੍ਰਿਤੀ ਤੇ ਮਲਵੱਈ ਸਭਿਆਚਾਰ ਦਾ ਭਰਪੂਰ ਚਿੱਤਰ ਪੇਸ਼ ਕੀਤਾ ਹੈ ।

ਉਪਰੋਕਤ ਪੈਰ੍ਹੇ ਵਿਚ ਕਿਸ ਆਧੁਨਿਕ ਪੰਜਾਬੀ ਵਾਰਤਕਕਾਰ ਵੱਲ ਇਸ਼ਾਰਾ ਹੈ :

(1) ਸੋਹਿੰਦਰ ਸਿੰਘ ਬਣਜਾਰਾ ਬੇਦੀ

(2) ਦੇਵਿੰਦਰ ਸਤਿਆਰਥੀ

(3) ਲਾਲ ਸਿੰਘ ਕਮਲਾ ਅਕਾਲੀ

(4) ਗਿਆਨੀ ਗੁਰਦਿੱਤ ਸਿੰਘ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

52. 'ਮੇਰਾ ਵਲਾਇਤੀ ਸਫ਼ਰਨਾਮਾ' ਪੁਸਤਕ ਰੂਪ ਵਿਚ ਆਉਣ ਤੋਂ ਪਹਿਲਾਂ ਕਿਸ ਮੈਗਜ਼ੀਨ ਵਿਚ ਛਪਦਾ ਰਿਹਾ ?

(1) ਪ੍ਰੀਤਲੜੀ (2) ਪੰਜ ਦਰਿਆ

(3) ਫੁਲਵਾੜੀ (4) ਖਾਲਸਾ ਸਮਾਚਾਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

53. ਲਾਲ ਸਿੰਘ ਕਮਲਾ ਅਕਾਲੀ ਦੇ ਸਫ਼ਰਨਾਮਾ 'ਸੈਲਾਨੀ ਦੇਸ਼ ਭਗਤ' ਵਿਚ ਅਨਯ ਪੁਰਖ ਬਿਆਨ ਰਾਹੀਂ ਕਿੰਨੇ ਪ੍ਰਸਿੱਧ ਦੇਸ਼ ਭਗਤਾਂ ਦੀ ਵਾਪਸੀ ਦਾ ਵਰਣਨ ਕੀਤਾ ਹੈ :

(1) ਇੱਕ (2) ਦੋ

(3) ਤਿੰਨ (4) ਚਾਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

54. 'ਚਰਖ਼ਾਸਾਫ਼' ਅਧਿਆਇ ਬਲਰਾਜ ਸਾਹਨੀ ਦੀ ਕਿਸ ਰਚਨਾ ਦਾ ਹਿੱਸਾ ਹੈ ?

(1) ਮੇਰਾ ਪਾਕਿਸਤਾਨੀ ਸਫ਼ਰਨਾਮਾ

(2) ਯਾਦਾਂ ਦੀ ਕੰਨੀ

(3) ਮੇਰੀ ਫ਼ਿਲਮੀ ਆਤਮਕਥਾ

(4) ਮੇਰਾ ਰੂਸੀ ਸਫ਼ਰਨਾਮਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

55. ਕਿਸ ਮੁੱਢਲੇ ਪੰਜਾਬੀ ਨਾਵਲਕਾਰ ਨੇ ਪੰਜਾਬੀ ਨਾਵਲ ਦੇ ਬਿਰਤਾਂਤਕ ਸੰਦਰਭਾਂ ਨੂੰ ਧਾਰਮਿਕ ਅਤੇ ਸੰਪਰਦਾਇਕ ਹਵਾਲਿਆਂ ਤੋਂ ਬਾਹਰ ਕੱਢਕੇ ਸਮਾਜਿਕ ਮਸਲਿਆਂ ਅਤੇ ਸਰੋਕਾਰਾਂ ਨਾਲ ਜੋੜਿਆ । ਇਸ ਕਰਕੇ ਉਸ ਦੇ ਨਾਵਲ ਸਮਾਜ ਦੇ ਯਥਾਰਥਕ ਜੀਵਨ ਦੀ ਪੇਸ਼ਕਾਰੀ ਰਾਹੀਂ ਵੱਖ-ਵੱਖ ਸਮੱਸਿਆਵਾਂ ਨੂੰ ਉਜਾਗਰ ਕਰਦੇ ਦਿਖਾਈ ਦਿੰਦੇ ਹਨ । ਨਾਵਲਕਾਰ ਹੈ :

(1) ਭਾਈ ਵੀਰ ਸਿੰਘ

(2) ਨਾਨਕ ਸਿੰਘ

(3) ਮੋਹਨ ਸਿੰਘ ਵੈਦ

(4) ਚਰਨ ਸਿੰਘ ਸ਼ਹੀਦ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

56. ਕਿਹੜਾ ਜੁੱਟ ਸਹੀ ਨਹੀਂ ਹੈ ?

(1) ਨਾਨਕ ਸਿੰਘ – ਗਰੀਬ ਦੀ ਦੁਨੀਆ

(2) ਜਸਵੰਤ ਸਿੰਘ ਕੰਵਲ – ਮਨੁੱਖਤਾ

(3) ਨਰਿੰਦਰਪਾਲ ਸਿੰਘ – ਦੋ ਟਾਪੂ

(4) ਸੋਹਣ ਸਿੰਘ ਸੀਤਲ – ਸਿੱਖ ਮਿਸਲਾਂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

57. ਸੰਤ ਸਿੰਘ ਸੇਖੋਂ ਦੇ ਕਹਾਣੀ ਸੰਗ੍ਰਹਿ ਹਨ :

(1) ਸਮਾਚਾਰ, ਕਾਮੇ ਤੇ ਯੋਧੇ, ਤੀਜਾ ਪਹਿਰ, ਦੁੱਖ-ਸੁੱਖ

(2) ਸਮਾਚਾਰ, ਕਾਮੇ ਤੇ ਯੋਧੇ, ਤੀਜਾ ਪਹਿਰ, ਨਵਾਂ ਰੰਗ

(3) ਸਮਾਚਾਰ, ਕਾਮੇ ਤੇ ਯੋਧੇ, ਤੀਜਾ ਪਹਿਰ, ਅੱਧੀ-ਵਾਟ

(4) ਸਮਾਚਾਰ, ਕਾਮੇ ਤੇ ਯੋਧੇ, ਤੀਜਾ ਪਹਿਰ, ਨਰਕਾਂ ਦੇ ਦੇਵਤੇ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

58. ਕਿਸ ਕਹਾਣੀਕਾਰ ਬਾਰੇ ਕਿਹਾ ਜਾਂਦਾ ਹੈ ਕਿ ਉਸ ਨੇ 1947 ਦੇ ਫਸਾਦਾਂ ਤੋਂ ਪ੍ਰਭਾਵਿਤ ਹੋ ਕੇ ਬਹੁਤ ਕਲਾਤਮਕ ਕਹਾਣੀਆਂ ਲਿਖੀਆਂ ਹਨ । ਜੰਗ ਤੇ ਕਿਰਤੀ ਜੀਵਨ ਆਦਰਸ਼ ਵੀ ਭਾਵੇਂ ਉਸ ਦਾ ਵਿਸ਼ਾ ਹਨ ਪਰ ਮੁੱਖ ਰੂਪ ਵਿਚ ਉਹ ਕੋਮਲ-ਭਾਵੀ ਇਸਤਰੀ ਜਗਤ ਦੇ ਸੂਖਮ ਤੇ ਚੰਚਲ ਮਨੋਭਾਵਾਂ ਦਾ ਚਿਤੇਰਾ ਹੈ, ਜਿਸ ਵਿਚ ਕਈ ਵਾਰ ਉਹ ਲਿੰਗ-ਵਰਣਨ ਸਮੇਂ ਵਧੇਰੇ ਖੁਲ੍ਹ ਲੈ ਲੈਂਦਾ ਹੈ, ਜਿਹੜੀ ਕਿ ਮੱਧ ਸ਼੍ਰੇਣਿਕ ਕਲਾ ਰੁਚੀ ਦੀ ਇਕ ਕਮਜ਼ੋਰ ਸ਼ਿਲਪ ਜੁਗਤੀ ਹੀ ਹੋ ਸਕਦੀ ਹੈ । ਇਹ ਕਹਾਣੀਕਾਰ ਹੈ :

(1) ਕਰਤਾਰ ਸਿੰਘ ਦੁੱਗਲ
(2) ਸੁਜਾਨ ਸਿੰਘ
(3) ਸੰਤੋਖ ਸਿੰਘ ਧੀਰ
(4) ਕੁਲਵੰਤ ਸਿੰਘ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

59. 'ਧਮਕ ਨਗਾਰੇ ਦੀ' ਕਿਸ ਲੋਕ ਗਾਥਾ ਤੇ ਅਧਾਰਿਤ ਹੈ ?

(1) ਜਿਉਣਾ ਮੋੜ (2) ਦੁੱਲਾ ਭੱਟੀ
(3) ਜੱਗਾ ਡਾਕੂ (4) ਅਹਿਮਦ ਖਰਲ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

60. ਇਹ ਆਤਮਜੀਤ ਦੀ ਨਾਟ-ਰਚਨਾ ਨਹੀਂ ਹੈ ?

(1) ਚਿੜ੍ਹੀਆਂ
(2) ਚਾਬੀਆਂ
(3) ਅਜੀਤ ਰਾਮ
(4) ਇਕ ਹੀਰੋ ਦੀ ਤਲਾਸ਼
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

61. 'ਨਿਮਨ ਕਿਸਾਨੀ ਦੇ ਸੰਕਟ' ਦਾ ਨਾਟਕਕਾਰ ਕੌਣ ਹੈ ?

(1) ਅਜਮੇਰ ਸਿੰਘ ਔਲਖ
(2) ਸੁਰਜੀਤ ਸਿੰਘ ਸੇਠੀ
(3) ਈਸ਼ਵਰ ਚੰਦਰ ਨੰਦਾ
(4) ਆਤਮਜੀਤ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

62. ਐਬਸਰਡ ਨਾਟ-ਸ਼ੈਲੀ ਨੂੰ ਇਸਤੇਮਾਲ ਕਰਨ ਵਾਲਾ ਨਾਟਕਕਾਰ ਕਿਹੜਾ ਹੈ ?

(1) ਅਜਮੇਰ ਸਿੰਘ ਔਲਖ
(2) ਬਲਵੰਤ ਗਾਰਗੀ
(3) ਆਤਮਜੀਤ
(4) ਸੁਰਜੀਤ ਸਿੰਘ ਸੇਠੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

63. ਗੁਰਮੁਖੀ ਲਿਪੀ, ਵਿੱਚ /ਰ/ ਦੀ ਵਰਤੋਂ ਜਦੋਂ ਕਿਸੇ ਦੂਸਰੇ ਵਿਅੰਜਨ ਦੇ ਪੈਰ ਵਿੱਚ ਕੀਤੀ ਜਾਂਦੀ ਹੈ ਤਾਂ ਇਸ ਦਾ ਮੂਲ ਪ੍ਰਯੋਜਨ ਹੁੰਦਾ ਹੈ :

(1) ਸਵਰ ਗੁੱਛਿਆਂ ਦੀ ਸਿਰਜਣਾ ਕਰਨਾ
(2) ਵਿਅੰਜਨ ਗੁੱਛਿਆਂ ਦੀ ਸਿਰਜਣਾ ਕਰਨਾ
(3) ਅੱਖਰ 'ਤੇ ਦਬਾਅ ਪੈਦਾ ਕਰਨਾ
(4) ਸੁਰ ਦੀ ਵਰਤੋਂ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

64. ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਈਆਂ ਬਾਰੇ ਕਿਹੜੀ ਧਾਰਨਾ ਗਲਤ ਹੈ ?

(1) ਪੰਜਾਬੀ ਸੁਰਾਤਮਕ ਭਾਸ਼ਾ ਹੈ ।
(2) ਸੰਯੋਗਾਤਮਿਕ ਤੋਂ ਵਿਯੋਗਾਤਮਿਕ ਹੋ ਰਹੀ ਹੈ ।
(3) ਲਗੱਭੱਗ ਹਰ ਨਾਂਵ ਦਾ ਲਿੰਗ ਹੁੰਦਾ ਹੈ ।
(4) ਪੰਜਾਬੀ ਬਿੰਦੂ ਭਾਸ਼ਾ ਪਰਿਵਾਰ ਦੀ ਹੈ ।
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

65. ਕਿਹੜੇ ਗੁਰੂ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਉਹਨਾਂ ਦੇ ਜੀਵਨ ਇਤਿਹਾਸ ਦੀਆਂ ਸਾਖੀਆਂ ਲਿਖਵਾਉਣ ਲਈ ਗੁਰਮੁਖੀ ਲਿਪੀ ਨੂੰ ਵਰਤਿਆ ਤੇ ਪਰਚਾਰਿਆ :

(1) ਗੁਰੂ ਅੰਗਦ ਦੇਵ ਜੀ

(2) ਗੁਰੂ ਅਮਰ ਦਾਸ ਜੀ

(3) ਗੁਰੂ ਰਾਮ ਦਾਸ ਜੀ

(4) ਗੁਰੂ ਅਰਜਨ ਦੇਵ ਜੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

66. ਗੁਰਮੁਖੀ ਦੇ ਕਿਹੜੇ ਅੱਖਰ, ਸ਼ਾਰਦਾ ਸਮੇਤ ਉੱਤਰ ਭਾਰਤ ਦੀਆਂ ਸਾਰੀਆਂ ਲਿਪੀਆਂ ਵਿਚ ਸਾਂਝੇ ਹਨ ?

(1) ਟ, ਠ (2) ਮ, ਸ

(3) ਕ, ਖ (4) ਦ, ਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

67. 'ਸਭਿਆਚਾਰ' ਵਿਚ ਸਮੁੱਚਾ ਵਿਰਸਾ ਅਤੇ ਵਰਤਮਾਨ ਘੇਰੇ ਵਿਚ ਆ ਜਾਂਦਾ ਹੈ, ਜੋ ਮਨੁੱਖ ਨੂੰ ਪੀੜ੍ਹੀ ਦਰ ਪੀੜ੍ਹੀ ਆਪਣੇ ਵੱਡੇ ਵਡੇਰਿਆਂ ਤੋਂ ਵਿਰਾਸਤ ਰੂਪ ਵਿਚ ਮਿਲਿਆ ਹੋਇਆ ਹੁੰਦਾ ਹੈ । ਇਸ ਕਿਸਮ ਦੀ ਵਿਰਾਸਤ ਵਿਚ ਪਦਾਰਥਕ ਪਹਿਲੂਆਂ ਤੋਂ ਇਲਾਵਾ ਇਹ ਵੀ ਸ਼ਾਮਲ ਹੁੰਦਾ ਹੈ :

(1) ਕੇਵਲ ਨੈਤਿਕ ਕੀਮਤਾਂ

(2) ਕੇਵਲ ਧਾਰਮਿਕ ਸਿੱਖਿਆਵਾਂ

(3) ਕੇਵਲ ਧਾਰਮਿਕ ਬੌਧਿਕ ਗਤੀਵਿਧੀਆਂ

(4) ਉਪਰੋਕਤ ਤਿੰਨੇ ਹੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

68. ਲੋਕਧਾਰਾ ਦਾ ਸਿਰਜਕ ਕੌਣ ਹੈ ?

(1) ਪੇਂਡੂ ਲੋਕ

(2) ਪੁਰਾਤਨ ਲੋਕ

(3) ਹਰ ਦੌਰ ਦਾ ਮਾਨਵ ਸਮੂਹ

(4) ਅਨਪੜ੍ਹ ਲੋਕ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

69. ਸਾਂਝੇ ਪੰਜਾਬੀ ਸਭਿਆਚਾਰ ਦੀ ਸਹੀ ਝਲਕ ਕਿਸ ਵਿਚੋਂ ਦ੍ਰਿਸ਼ਟਮਾਨ ਹੁੰਦੀ ਹੈ ?

(1) ਲੋਕ ਧਰਮ (2) ਵਿਸ਼ਿਸ਼ਟ ਧਰਮ

(3) ਲੋਕ ਵਿਸ਼ਵਾਸ (4) ਲੋਕ ਰਿਵਾਜ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

70. 'ਪੰਜਾਬੀ ਲੋਕ-ਧਾਰਾ ਵਿਸ਼ਵ-ਕੋਸ਼' ਦਾ ਕਰਤਾ ਹੈ :

(1) ਨਾਹਰ ਸਿੰਘ

(2) ਜਸਵਿੰਦਰ ਸਿੰਘ

(3) ਭੁਪਿੰਦਰ ਸਿੰਘ ਖਹਿਰਾ

(4) ਸੋਹਿੰਦਰ ਸਿੰਘ ਵਣਜਾਰਾ ਬੇਦੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

71. ਟੱਪਾ ਕੀ ਹੈ ?

(1) ਇਕ ਤੁਕੀ ਬੋਲੀ ਹੈ ।

(2) ਦੋ ਤੁਕੀ ਬੋਲੀ ਹੈ ।

(3) ਤਿੰਨ ਤੁਕੀ ਬੋਲੀ ਹੈ ।

(4) ਚਾਰ ਤੁਕੀ ਬੋਲੀ ਹੈ ।

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

72. 'ਨਿੱਕੀ-ਨਿੱਕੀ ਬੂੰਦੀ,

ਵੇ ਨਿੱਕਿਆ, ਮੀਂਹ ਵੇ ਵਰ੍ਹੇ,

ਵੇ ਨਿੱਕਿਆ, ਮਾਂ ਵੇ ਸੁਹਾਗਣ,

ਤੇਰੇ ਸ਼ਗਨ ਕਰੇ' ।

ਉਪਰੋਕਤ ਸਤਰਾਂ 'ਲੋਕ-ਸਾਹਿਤ' ਰੂਪ ______ ਨਾਲ ਸੰਬੰਧਿਤ ਹਨ :

(1) ਢੋਲਾ (2) ਮਾਹੀਆ

(3) ਘੋੜੀ (4) ਟੱਪਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

73. ਕਾਵਿ-ਖੇਤਰ ਵਿਚ 'ਕਾਫ਼ੀ' ਛੰਦ ਦਾ ਉਹ ਪਦ ਹੈ ਜੋ :

(1) ਸਥਾਈ ਹੋਵੇ ।

(2) ਜਿਸ ਪਿਛੋਂ ਗਾਉਣ ਸਮੇਂ ਹੋਰ ਤੁਕਾਂ ਜੋੜੀਆਂ ਜਾਣ ।

(3) ਜੋ ਬਾਰ ਬਾਰ ਗੀਤ ਦੇ ਤਾਲ ਵਿਸਰਾਮ ਤੇ ਆਵੇ ।

(4) ਉਪਰੋਕਤ ਤਿੰਨੇ ਹੀ ।

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

74. ਪੰਜਾਬੀ ਵਿਚ ਸ਼ਲੋਕ ਦੀ ਵਰਤੋਂ ਸਭ ਤੋਂ ਪਹਿਲਾਂ ਕਿਸ ਨੇ ਕੀਤੀ :

(1) ਨਾਥ ਜੋਗੀਆਂ ਨੇ

(2) ਬਾਬਾ ਫ਼ਰੀਦ

(3) ਭਗਤ ਕਬੀਰ

(4) ਗੁਰੂ ਤੇਗ ਬਹਾਦਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

75. 'ਬਾਰਾਮਾਹ' ਵਿਚ ਸਾਲ ਦੇ ਬਾਰਾਂ ਮਹੀਨਿਆਂ ਨੂੰ ਕ੍ਰਮਵਾਰ ਲਿਆ ਜਾਂਦਾ ਹੈ ਅਤੇ ਕਿਸੇ ਵਿਜੋਗਣ ਇਸਤ੍ਰੀ ਦੇ ਹਰ ਮਹੀਨੇ ਵਿਚ ਮਹਿਸੂਸ ਭਾਵਾਂ ਦਾ ਉਲੇਖ ਹੁੰਦਾ ਹੈ, ਉਹ ਭਾਵ ਹਨ :

(1) ਮਾਨਸਿਕ ਦੁੱਖ

(2) ਮਨੋਵੇਦਨਾਵਾਂ

(3) ਵਿਜੋਗ ਦੀ ਸਥਿਤੀ

(4) ਉਪਰੋਕਤ ਸਾਰੇ ਹੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

76. ਭਾਸ਼ਾ ਵਿਗਿਆਨ ਦਾ ਵਿਸ਼ਾ ਖੇਤਰ ਹੈ ?

(1) ਧੁਨੀ ਵਿਗਿਆਨ

(2) ਰੂਪ ਵਿਗਿਆਨ

(3) ਵਾਕ ਵਿਗਿਆਨ

(4) ਉਪਰੋਕਤ ਸਾਰੇ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

77. ਸ਼ੁੱਧ ਸੰਰਚਨਾਤਮਕ ਭਾਸ਼ਾ ਵਿਗਿਆਨ ਦਾ ਮੋਢੀ ਹੈ :

(1) ਬਲੂਮਫੀਲਡ

(2) ਸੌਸਿਉਰ

(3) ਹਾਕੇਟ

(4) ਇਹਨਾਂ ਵਿਚੋਂ ਕੋਈ ਨਹੀਂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

78. ਭਾਸ਼ਾ ਵਿਗਿਆਨ ਦੇ ਪ੍ਰਕਾਰ-ਭੇਦ ਵਿਚ ਸ਼ਾਮਲ ਹਨ :

(1) ਵਰਨਣਾਤਮਿਕ ਭਾਸ਼ਾ ਵਿਗਿਆਨ

(2) ਸੰਰਚਨਾਤਮਿਕ ਭਾਸ਼ਾ ਵਿਗਿਆਨ

(3) ਸਿਧਾਂਤਕ ਭਾਸ਼ਾ ਵਿਗਿਆਨ

(4) ਉਪਰੋਕਤ ਸਾਰੇ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**79.** ਪੰਜਾਬੀ ਭਾਸ਼ਾ ਦੀ ਕਿਹੜੀ ਵਰਗ ਅਖੰਡੀ ਧੁਨੀ ਨਹੀਂ ਹੈ ।

(1) ਨਾਸਿਕਤਾ (2) ਸੁਰ

(3) ਬਲ (4) ਵਿਅੰਜਨ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**80.** ਜਦੋ ਦੋ ਜਾਂ ਦੋ ਤੋਂ ਵੱਧ ਸਵਰ ਇਕੱਠੇ ਉਚਾਰੇ ਜਾਣ ਅਤੇ ਉਹ ਵਿਭਿੰਨ ਪਰ ਜੁੜਵੇਂ ਉਚਾਰਖੰਡਾਂ ਦੇ ਕੇਂਦਰ ਬਿੰਦੂ ਦੇ ਤੌਰ ਤੇ ਵਿਚਰਦੇ ਹੋਣ ਤਾਂ ਸਵਰਾਂ ਦੀ ਇਸ ਭਾਂਤ ਦੀ ਵਰਤੋਂ ਨੂੰ ਕਿਹਾ ਜਾਂਦਾ ਹੈ :

(1) ਸਵਰ ਗੁੱਛੇ (2) ਇਕਹਿਰੇ ਸਵਰ

(3) ਸਵਰ ਸੰਯੋਗ (4) ਦੋਹਰੇ ਸਵਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**81.** ਭਾਸ਼ਾ ਦਾ ਕਿਹੜਾ ਸਰੂਪ ਹਰ ਸਮੇਂ ਮੁਕੰਮਲ ਅਤੇ ਸਿਸਟਮੀ ਹੁੰਦਾ ਹੈ :

(1) ਇਕਾਲਿਕ (2) ਦੁਕਾਲਿਕ

(3) ਸਮੂਰਤ (4) ਚਿੰਨ੍ਹਕ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**82.** ਧੁਨੀ ਬਿੰਬ ਤੇ ਅਰਥ ਸੰਕਲਪ ਦੀ ਸੰਜੁਗਤੀ ਕੀ ਹੈ ?

(1) ਚਿਹਨਕ

(2) ਚਿਹਨਤ

(3) ਭਾਸ਼ਾਈ ਚਿਹਨ

(4) ਉਪਰੋਕਤ ਚੋਂ ਕੋਈ ਵੀ ਨਹੀਂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**83.** ਲੈਂਗ ਕਿਹੜਾ ਵਰਤਾਰਾ ਹੈ ਜੋ ਸਾਰੇ ਸਮਾਜ ਵਿਚ ਵਿਆਪਕ ਹੁੰਦਾ ਹੈ :

(1) ਸਮਾਜਿਕ

(2) ਅਸਮਾਜਿਕ

(3) ਵਿਅਕਤੀਗਤ

(4) ਉਪਰੋਕਤ ਕੋਈ ਨਹੀਂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**84.** ਪੈਰੋਲ ਕੀ ਹੈ ?

(1) ਵਿਅਕਤੀਗਤ ਉਚਾਰ

(2) ਸਮੂਹਿਕ ਉਚਾਰ

(3) ਟਕਸਾਲੀ ਉਚਾਰ

(4) ਮਸ਼ੀਨੀ ਉਚਾਰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**85.** ਭਾਸ਼ਾ ਵਿਚ ਸਮੂਰਤ ਸੰਬੰਧ ਸਾਕਾਰ ਹੁੰਦੇ ਹਨ :

(1) ਰੇਖਕੀ ਕ੍ਰਮ

(2) ਅਰੇਖਕੀ ਕ੍ਰਮ

(3) ਸਹਿਚਾਰੀ ਕ੍ਰਮ

(4) ਉਪਰੋਕਤ ਕੋਈ ਨਹੀਂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**86.** ਕਿਸ ਨੇ ਕਿਹਾ ਕਿ, ਬੱਚੇ ਵਿਚ ਭਾਸ਼ਾ ਸਿਖਣ ਦੀ ਯੋਗਤਾ ਮੁੱਢ ਤੋਂ ਹੀ ਪਈ ਹੁੰਦੀ ਹੈ ?

(1) ਸਾਸਿਊਰ (2) ਨੋਮ ਚੌਮਸਕੀ

(3) ਪਾਨਿਨੀ (4) ਬਲੂਮਫ਼ੀਲਡ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**87.** ਜਿਸ ਤਲ ਤੋਂ ਵਾਕ ਦੀ ਸਿਰਜਣ-ਪ੍ਰਕ੍ਰਿਆ ਆਰੰਭ ਹੁੰਦੀ ਹੈ, ਚੌਮਸਕੀ ਨੇ ਉਸਨੂੰ ਕੀ ਕਿਹਾ ਹੈ :

(1) ਗਹਿਨ ਸੰਰਚਨਾ

(2) ਸਤਹੀ ਸੰਰਚਨਾ

(3) ਭਾਸ਼ਾਈ ਯੋਗਤਾ

(4) ਭਾਸ਼ਾਈ ਨਿਭਾਅ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**88.** 'ਤੱਤ-ਵਾਕ' ਦਾ ਸੰਕਲਪ ਕਿਸ ਨੇ ਪੇਸ਼ ਕੀਤਾ :

(1) ਨੋਮ ਚੌਮਸਕੀ (2) ਹਾਕਿਟ

(3) ਸ਼ਾਊਮਨ (4) ਹੈਰਿਸ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ।

89. ਧੁਨੀ ਸਿਧਾਂਤ ਦੀ ਪੂਰੀ ਤਰ੍ਹਾਂ ਸਥਾਪਨਾ 'ਧਵਨਲੋਕ' ਦੇ ਕਰਤਾ ਨੇ ਕੀਤੀ ਹੈ ਜਿਸ ਨੇ ਹਰ ਅੰਗ ਤੇ ਉਪੰਗ ਉੱਤੇ ਸਾਫ਼ ਸਪਸ਼ਟ ਆਲੋਚਨਾ ਕਰਕੇ ਕਾਵਿ-ਸਮੀਖਿਆ ਵਿਚ ਇਸ ਦਾ ਸਥਾਈ ਸਥਾਨ ਸਥਾਪਿਤ ਕਰ ਦਿੱਤਾ, ਉਹ ਹੈ :

(1) ਭਰਤ ਮੁਨੀ

(2) ਭਾਮਹ

(3) ਆਚਾਰੀਆ ਵਾਮਨ

(4) ਆਨੰਦ ਵਰਧਨ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

90. 'ਉਸ ਦੀਆਂ ਅੱਖਾਂ ਦਾ ਪਾਣੀ ਖ਼ਤਮ ਹੋਇਆ ਹੈ' – ਇਸ ਵਾਕ ਵਿਚ ਸ਼ਬਦ ਅਲੰਕਾਰ ਹੈ :

(1) ਅਨੁਪ੍ਰਾਸ (2) ਯਮਕ

(3) ਸ਼ਲੇਸ਼ (4) ਉਪਮਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

91. ਰਸ ਨਿਸ਼ਪੱਤੀ ਵਿਚ ਅਭਿਨਵ ਗੁਪਤ ਦੇ ਵਾਦ ਦਾ ਨਾਂ ਹੈ :

(1) ਅਭਿਵਿਅਕਤੀਵਾਦ

(2) ਅਭਿਗਿਆਨਵਾਦ

(3) ਅਭਿਧਾਰਣਾਵਾਦ

(4) ਅਭਿਨਵਵਾਦ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

92. ਕਿਸ ਆਚਾਰੀਆਂ ਨੇ ਰਸ ਨਿਸ਼ਪੱਤੀ ਬਾਰੇ 'ਅਭਿਵਿਅਕਤੀਵਾਦ' ਦਾ ਮੱਤ ਪੇਸ਼ ਕੀਤਾ ?

(1) ਭਰਤਮੁਨੀ (2) ਭੱਟ ਨਾਯਕ

(3) ਅਭਿਨਵ ਗੁਪਤ (4) ਆਨੰਦਵਰਧਨ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

93. ਸਾਧਾਰਣੀਕਰਣ ਦੀ ਮੂਲ ਕਲਪਨਾ ਕਿਸ ਦੀ ਦੇਣ ਹੈ ਜਿਸ ਨੂੰ ਅਭਿਨਵ ਗੁਪਤ ਨੇ ਹੋਰ ਸਪਸ਼ਟ ਰੂਪ ਦਿੱਤਾ ਅਤੇ ਆਪਣੇ ਨਵੇਂ ਦ੍ਰਿਸ਼ਟੀਕੋਣ ਅਨੁਸਾਰ ਨਵਾਂ ਚਾਨਣਾ ਪਾਇਆ :

(1) ਭੱਟ ਨਾਯਕ

(2) ਵਿਸ਼ਵਨਾਥ

(3) ਮੰਮਟ

(4) ਉਪਰੋਕਤ ਵਿਚੋਂ ਕੋਈ ਨਹੀਂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

94. ਅਰਸਤੂ ਮੁਤਾਬਕ ਅਨੁਕਰਣ ਕੀ ਹੈ ?

(1) ਹੂਬਹੂ ਤੇ ਸਹੀ ਨਕਲ

(2) ਪੁਨਰ-ਸਿਰਜਣਾ

(3) ਮੂਲ ਤੋਂ ਬੇਹਤਰ ਸਿਰਜਣਾ

(4) ਮੂਲ ਤੋਂ ਨਿਮਨ ਸਿਰਜਣਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

95. ਅਰਸਤੂ ਦਾ ਵਿਰੇਚਨ ਸਿਧਾਂਤ ਕਿਸ ਨਾਲ ਸੰਬੰਧਿਤ ਹੈ :

(1) ਸਿੱਖਿਆ ਲਈ

(2) ਸ਼ੁੱਧੀ ਲਈ

(3) ਸੰਗੀਤ ਤੋਂ ਬੌਧਿਕ ਆਨੰਦ ਦੀ ਪ੍ਰਾਪਤੀ ਲਈ

(4) ਉਪਰੋਕਤ ਤਿੰਨਾਂ ਲਈ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

96. ਅਰਸਤੂ ਨੇ ਤ੍ਰਾਸਦੀ ਦੇ ਕਰਣ (ਭਾਵ-ਪ੍ਰਧਾਨ) ਦੇ ਨਾਲ-ਨਾਲ ਹੋਰ ਕਿਹੜੇ ਪ੍ਰਮੁਖ ਭੇਦ ਮੰਨੇ ਹਨ :

(1) ਜਟਿਲ (2) ਨੈਤਿਕ

(3) ਸਰਲ (4) ਉਪਰੋਕਤ ਤਿੰਨੇ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

97. ਲੌਂਜਾਈਨਸ ਅਨੁਸਾਰ ਉਦਾਤ ਸ਼ੈਲੀ ਦੇ ਕਿੰਨੇ ਸੋਮੇ ਹਨ :

(1) ਚਾਰ (2) ਪੰਜ

(3) ਛੇ (4) ਸੱਤ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

98. ਕਿਹੜਾ ਉੱਦਾਤ ਕਲਾ ਦਾ ਸੋਮਾ ਨਹੀਂ ਹੈ ?

(1) ਮਹਾਨ ਸੰਕਲਪਾਂ ਨੂੰ ਗ੍ਰਹਿਣ ਕਰਨ ਦੀ ਸ਼ਕਤੀ

(2) ਸ਼ਕਤੀਵਰ ਅਤੇ ਤੀਬਰ ਭਾਵ ਤਰੰਗ

(3) ਅਲੰਕਾਰਾਂ ਦੀ ਉਚਿਤ ਵਰਤੋਂ

(4) ਬੌਧਿਕ ਨਵੀਨਤਾ ਦੀ ਲਾਲਸਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

99. ਰੂਸੀ ਰੂਪਵਾਦੀਆਂ ਅਨੁਸਾਰ ਕਿਹੜੇ ਥੀਮ ਲੰਬੇ ਸਮੇਂ ਤੱਕ ਅਰਥ-ਪੂਰਣ ਨਹੀਂ ਰਹਿੰਦੇ :

(1) ਸਮਕਾਲੀ

(2) ਸਰਬਕਾਲੀ

(3) ਉਪਰੋਕਤ ਦੋਵੇਂ

(4) ਉਪਰੋਕਤ ਕੋਈ ਨਹੀਂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

100. ਰੂਸੀ ਰੂਪਵਾਦ ਵਿਚ ਸੁਜੇਤ ਇਸਨੂੰ ਕਿਹਾ ਜਾਂਦਾ ਹੈ :

(1) ਕਥਾ ਦੀ ਪੇਸ਼ਕਾਰੀ ਦੀ ਵਿਧੀ ਜਾਂ ਢੰਗ

(2) ਘਟਨਾਵਾਂ ਦੀ ਕੱਚੀ ਸਾਮੱਗਰੀ

(3) ਨਾਵਲ ਦੇ ਪਲਾਟ ਵਿਚੋਂ ਖਾਰਜ ਕਰਨਾ

(4) ਸਾਹਿਤ ਅਤੇ ਜੀਵਨ ਵਿਚਕਾਰਲੀ ਸੀਮਾ-ਰੇਖਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

101. "ਕਾਵਿ ਦਾ ਉਦੇਸ਼ ਮਨੁੱਖ ਦੇ ਪ੍ਰਤੱਖਣ ਦੀਆਂ ਸਾਰੀਆਂ ਵਿਧੀਆਂ ਨੂੰ ਭੰਗ ਕਰਨਾ ਹੈ ।" ਅਜਨਬੀਕਰਣ ਦੀ ਵਿਆਖਿਆ ਹਿਤ ਉਪਰੋਕਤ ਵਿਚਾਰ ਕਿਸਦੇ ਹਨ :

(1) ਤੋਮਾਸੇਵਸਕੀ (2) ਦੋਸਤੋਵਸਕੀ

(3) ਟ੍ਰਾਟਸਕੀ (4) ਸ਼ਕਲੋਵਸਕੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

102. ਸੰਤ ਸਿੰਘ ਸੇਖੋਂ ਕਿਸ ਸਾਹਿਤ ਨੂੰ ਆਪਣੇ ਸਮੇਂ ਦੀ ਰਾਜਸੀ ਸਥਿਤੀ ਤੋਂ ਗ਼ਾਫਿਲ ਮੰਨਦਾ ਹੈ ?

(1) ਸੂਫ਼ੀ ਤੇ ਕਿੱਸਾ ਸਾਹਿਤ ਨੂੰ

(2) ਲੋਕ ਸਾਹਿਤ ਨੂੰ

(3) ਛੰਦਮੁਕਤ ਆਧੁਨਿਕ ਸਾਹਿਤ ਨੂੰ

(4) ਜਮਾਤੀ ਦ੍ਰਿਸ਼ਟੀ ਵਾਲੇ ਸਾਹਿਤ ਨੂੰ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

103. ਡਾਕਟਰ ਅਤਰ ਸਿੰਘ ਰਚਿਤ ਆਲੋਚਨਾ ਪੁਸਤਕਾਂ ਹਨ :

(1) ਕਾਵਿ ਅਧਿਐਨ, ਦ੍ਰਿਸ਼ਟੀਕੋਣ, ਸਾਹਿਤ ਦਰਸ਼ਨ

(2) ਦਿਸ਼ਟੀਕੋਣ, ਸਮਦਰਸਨ, ਪੁਰਾਤਨ ਪੰਜਾਬੀ ਵਾਰਤਕ

(3) ਕਾਵਿ ਅਧਿਐਨ, ਦ੍ਰਿਸ਼ਟੀਕੋਣ, ਸਮਦਰਸ਼ਨ

(4) ਸਮਦਰਸ਼ਨ, ਸਾਹਿਤ ਦਰਸ਼ਨ, ਸਾਹਿਤਾਰਥ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**104.** ਪੰਜਾਬੀ ਦੇ ਕਿਸ ਆਲੋਚਕ ਨੇ ਸਾਹਿਤ ਅਧਿਐਨ ਲਈ ਸਾਹਿਤ ਵਿਗਿਆਨ ਨੂੰ ਵਿਸ਼ੇ ਵਜੋਂ ਗ੍ਰਹਿਣ ਕਰਨ ਲਈ ਆਖਿਆ ਅਤੇ ਉਸ ਦੀ ਇਹ ਸਥਾਪਨਾ ਰੂਪਵਾਦ ਉੱਤੇ ਆਧਾਰਿਤ ਸੀ ਅਤੇ ਉਸਨੇ ਆਪਣੇ ਸਮੁੱਚੇ ਚਿੰਤਨ ਕਾਰਜ਼ ਵਿਚ ਪਾਠ-ਕੇਂਦਰਤ ਚਿੰਤਨ ਨੂੰ ਪ੍ਰਮਾਣਿਕ ਚਿੰਤਨ ਵਜੋਂ ਗ੍ਰਹਿਣ ਕੀਤਾ :

(1) ਸੰਤ ਸਿੰਘ ਸੇਖੋਂ
(2) ਅਤਰ ਸਿੰਘ
(3) ਹਰਿਭਜਨ ਸਿੰਘ
(4) ਜੁਗਿੰਦਰ ਸਿੰਘ ਰਾਹੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**105.** ਹਰਿਭਜਨ ਸਿੰਘ ਦੀ ਆਲੋਚਨਾ ਦ੍ਰਿਸ਼ਟੀ ਉੱਪਰ ਕਿਸ ਦਾ ਪ੍ਰਭਾਵ ਹੈ ?

(1) ਰੂਸੀ ਰੂਪਵਾਦ ਦਾ
(2) ਅਮਰੀਕੀ ਨਵ-ਆਲੋਚਨਾ ਦਾ
(3) ਫਰਾਂਸੀਸੀ ਸੰਰਚਨਾਵਾਦ ਦਾ
(4) ਉਪਰੋਕਤ ਸਾਰਿਆਂ ਦਾ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**106.** ਡਾਕਟਰ ਹਰਿਭਜਨ ਸਿੰਘ ਭਾਟੀਆ ਦੀਆਂ ਪੁਸਤਕਾਂ ਹਨ :

(1) ਪੰਜਾਬੀ ਆਲੋਚਨਾ:ਸਿਧਾਂਤ ਤੇ ਵਿਹਾਰ, ਪੰਜਾਬੀ ਗਲਪ:ਸੰਵਾਦ ਤੇ ਸਮੀਖਿਆ, ਪੰਜਾਬੀ ਸਾਹਿਤ ਆਲੋਚਨਾ ਦਾ ਇਤਿਹਾਸ (ਪੰਜਾਬੀ ਸਾਹਿਤ ਦਾ ਇਤਹਾਸ)
(2) ਪੰਜਾਬੀ ਆਲੋਚਨਾ:ਸਿਧਾਂਤ ਤੇ ਵਿਹਾਰ, ਪੰਜਾਬੀ ਗਲਪ:ਸੰਵਾਦ ਤੇ ਸਮੀਖਿਆ, ਪੰਜਾਬੀ ਕਵਿਤਾ:ਨਵੇਂ ਪਰਿਪੇਖ ਤੇ ਪਾਸਾਰ
(3) ਪੰਜਾਬੀ ਆਲੋਚਨਾ:ਸਿਧਾਂਤ ਤੇ ਵਿਹਾਰ, ਪੰਜਾਬੀ ਗਲਪ:ਸੰਵਾਦ ਤੇ ਸਮੀਖਿਆ, ਉੱਤਰ-ਆਧੁਨਿਕਤਾ ਅਤੇ ਕਵਿਤਾ
(4) ਪੰਜਾਬੀ ਆਲੋਚਨਾ:ਸਿਧਾਂਤ ਤੇ ਵਿਹਾਰ, ਪੰਜਾਬੀ ਗਲਪ:ਸੰਵਾਦ ਤੇ ਸਮੀਖਿਆ, ਸਿਧਾਂਤ ਤੇ ਸਿਧਾਂਤਕਾਰ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**107.** ਪੰਜਾਬੀ ਦਾ ਕਿਹੜਾ ਮੁੱਢਲਾ ਨਾਟਕਕਾਰ ਜਿਸ ਨੇ ਪੂਰਬਲੇ ਨਾਟਕਕਾਰਾਂ ਨਾਲੋਂ ਭਿੰਨਤਾ ਰੱਖਦਿਆਂ ਸਮੇਂ ਦੀਆਂ ਉਭਰਵੀਆਂ ਸਮੱਸਿਆਵਾਂ ਨੂੰ ਪ੍ਰਗਤੀਵਾਦੀ ਤੇ ਸੈਕੂਲਰ ਦ੍ਰਿਸ਼ਟੀ ਅਪਣਾ ਕੇ ਲੋਕ-ਮੁਹਾਵਰੇ ਵਿਚ ਬੰਨ੍ਹਿਆ ਅਤੇ ਮੰਚਮੁਖ ਹੋ ਕੇ ਨਾਟਕਾਂ ਦੀ ਰਚਨਾ ਕੀਤੀ ਅਤੇ ਇਕ ਤਰ੍ਹਾਂ ਨਾਲ ਆਉਣ ਵਾਲੇ ਪੰਜਾਬੀ ਨਾਟਕ ਲਈ ਜ਼ਮੀਨ ਤਿਆਰ ਕੀਤੀ ।

(1) ਭਾਈ ਵੀਰ ਸਿੰਘ
(2) ਬਾਵਾ ਬੁੱਧ ਸਿੰਘ
(3) ਈਸ਼ਵਰ ਚੰਦਰ ਨੰਦਾ
(4) ਬਲਵੰਤ ਗਾਰਗੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**108.** 'ਨਾਇਕ ਦੀ ਹਾਜ਼ਰੀ ਤੋਂ ਬਿਨਾ ਨਾਇਕ ਬਾਰੇ ਨਾਟਕਾਂ' ਦਾ ਸੰਬੰਧ ਕਿਸ ਨਾਲ ਸੀ ?

(1) ਇਪਟਾ ਲਹਿਰ (2) ਨੁੱਕੜ ਨਾਟਕ
(3) ਐਬਸਰਡ ਨਾਟਕ (4) ਸ਼ਤਾਬਦੀ ਨਾਟਕ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**109.** ਬਲਵੰਤ ਗਾਰਗੀ ਨੇ ਕਿਸ ਨਾਟਕ ਵਿਚ 'ਹੰਗਾਮੀ ਨਾਟ ਸ਼ੈਲੀ' ਦਾ ਪ੍ਰਯੋਗ ਕੀਤਾ :

(1) ਲੋਹਾ-ਕੁੱਟ (2) ਸੁਲਤਾਨ ਰਜ਼ੀਆ
(3) ਧੂਣੀ ਦੀ ਅੱਗ (4) ਵਿਸਵੇਦਾਰ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**110.** ਬਲਵੰਤ ਗਾਰਗੀ ਦਾ ਨਾਟਕ 'ਸੁਲਤਾਨ ਰਜ਼ੀਆ' ਨੈਸ਼ਨਲ ਸਕੂਲ ਆਫ਼ ਡਰਾਮਾ ਦੇ ਕਿਸ ਨਿਰਦੇਸ਼ਕ ਨੇ ਨਿਰਦੇਸ਼ਤ ਕੀਤਾ ਸੀ ।

(1) ਬਲਵੰਤ ਗਾਰਗੀ
(2) ਹਬੀਬ ਤਨਵੀਰ
(3) ਰਾਜ ਬੱਬਰ
(4) ਇਬਰਾਹਿਮ ਅਲਕਾਜ਼ੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

111. ਕਿਸ ਨਾਟ ਸ਼ੈਲੀ ਵਿਚ ਚੇਤਨ/ਅਚੇਤਨ, ਸੁਪਨਾ/ਯਥਾਰਥ ਆਪਸ ਵਿਚ ਰਲਦੇ ਮਿਲਦੇ ਹਨ ?

(1) ਐਪਿਕ ਥੀਏਟਰ

(2) ਐਬਸਰਡ ਨਾਟ ਸ਼ੈਲੀ

(3) ਯਥਾਰਥਵਾਦੀ ਨਾਟ ਸ਼ੈਲੀ

(4) ਥੀਏਟਰ ਆਫ਼ ਕਰੂਅਲਟੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

112. ਪੰਜਾਬ ਦੇ ਪੱਛਮੀ ਭਾਗ ਦੇ ਬਾਰ ਦੇ ਇਲਾਕੇ ਦਾ ਜਾਂਗਲੀ ਗੀਤ ਹੈ :

(1) ਮਾਹੀਆ (2) ਚੌਬੋਲੋ

(3) ਸਿੱਠਣੀਆਂ (4) ਢੋਲਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

113. ਜਵਾਨੀ ਦੀ ਮੌਤ ਉੱਤੇ ਪਾਈਆਂ ਅਲਾਹਣੀਆਂ ਵਿਚ ਆਪਣੇ ਸਿਖਰ ਤੇ ਹੁੰਦਾ ਹੈ :

(1) ਰੌਦ੍ਰ (2) ਸ਼ਾਂਤ ਰਸ

(3) ਕਰੁਣਾ ਰਸ (4) ਅਦਭੁਤ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

114. ਲੋਕ-ਸਾਹਿਤ ਓਤ-ਪੋਤ ਹੁੰਦਾ ਹੈ ਲੋਕਾਂ ਦੀਆਂ ਸਮੂਹਿਕ ਰੀਝਾਂ, ਉਮੰਗਾਂ, ਦੁੱਖ-ਸੁੱਖ ਸਮੇਤ :

(1) ਵਿਸ਼ਵਾਸ (2) ਰੁਹ-ਰੀਤਾਂ

(3) ਰੂੜੀਆਂ (4) ਉਪਰੋਕਤ ਸਾਰੇ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

115. 'ਸੁੱਕੇ ਬਾਗ ਹਰੇ ਹੋਣਾ' ਕੀ ਹੈ ?

(1) ਲੋਕ ਚਮਤਕਾਰ

(2) ਨਿਰੋਲ ਕਲਪਨਾ

(3) ਅਲੌਕਿਕ ਘਟਨਾ

(4) ਕਥਾਨਕ ਰੂੜੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

116. ਹੇਠਾਂ ਲਿਖੀਆਂ ਗੈਰ-ਮੌਖਿਕ ਸੰਚਾਰ ਕਿਸਮਾਂ ਨੂੰ ਢੁਕਵੀਆਂ ਉਦਾਹਰਣਾਂ ਨਾਲ ਮੇਲ ਕਰੋ :

| ਗ਼ੈਰ-ਮੌਖਿਕ ਸੰਚਾਰ ਕਿਸਮਾਂ | ਉਦਾਹਰਣਾਂ |
|---|---|
| (ੳ) ਚਿਹਰੇ ਦੇ ਹਾਵ-ਭਾਵ | (i) ਪਿੱਠ ਥਪ-ਥਪਾਉਣੀ |
| (ਅ) ਸਰੀਰ ਦੇ ਹਾਵ-ਭਾਵ | (ii) ਮੁਸਕਰਾਉਣਾ |
| (ੲ) ਸਪਰਸ਼ | (iii) ਸਿੱਧਾ-ਬੈਠਣਾ |
| (ਸ) ਸਰੀਰਕ ਮੁਦਰਾ | (iv) ਨਹੁੰ-ਚੱਬਣੇ |

ਸਹੀ-ਜੁੱਟ ਨੂੰ ਚੁਣੋ :

| | (ੳ) | (ਅ) | (ੲ) | (ਸ) |
|---|---|---|---|---|
| (1) | (iv) | (i) | (iii) | (ii) |
| (2) | (ii) | (iv) | (i) | (iii) |
| (3) | (i) | (iii) | (ii) | (iv) |
| (4) | (iii) | (ii) | (iv) | (i) |

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

117. "ਸਵੈ-ਨਿਰਦੇਸ਼ਨ ਲਈ ਸਮਰੱਥਾ ਨਿਰਮਾਣ ਉੱਤੇ ਜ਼ੋਰ ਦੇਣਾ ਅਤੇ ਉਸ ਰਾਹੀਂ ਸਵੈ-ਸਮਝ, ਸਵੈ-ਖੋਜ ਤੇ ਸਵੈ-ਸੰਕਲਪ ਦੇ ਸੰਦਰਭ ਵਿਚ ਉਨ੍ਹਾਂ ਦੇ ਨਿੱਜੀ ਵਿਕਾਸ ਤੇ ਧਿਆਨ ਕੇਂਦਰਿਤ ਕਰਨਾ ।"

ਇਹ ਉਦੇਸ਼ ਕਿਸ ਸਿੱਖਿਆ ਮਾਡਲ ਉੱਤੇ ਲਾਗੂ ਹੁੰਦਾ ਹੈ :

(1) ਸਮੂਹਿਕ ਪੜਤਾਲ ਮਾਡਲ

(2) ਦਿਸ਼ਾਹੀਣ ਮਾਡਲ

(3) ਅਗਾਂਹਵਧੂ ਸੰਗਠਿਤ ਮਾਡਲ

(4) ਪੁੱਛ-ਪੜਤਾਲੀ ਸਿਖਲਾਈ ਮਾਡਲ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

118. ਦਿਸ਼ਾ-ਹੀਣ ਅਧਿਆਪਨ ਮਾਡਲ ਬਾਰੇ ਕਿਹੜਾ ਕਥਨ ਸਹੀ ਨਹੀਂ ਹੈ :

(1) ਇਸ ਮਾਡਲ ਦਾ ਮੁੱਢਲਾ ਉਦੇਸ਼ ਵਿਦਿਆਰਥੀਆਂ ਨੂੰ ਉੱਚੇਰਾ – ਨਿੱਜੀ ਏਕੀਕ੍ਰਿਤ ਅਤੇ ਯਥਾਰਥਵਾਦੀ ਆਤਮ-ਮੁਲਾਂਕਣ ਕਰਨ ਵਿਚ ਸਹਾਇਤਾ ਪ੍ਰਦਾਨ ਕਰਨਾ ਹੈ ।

(2) ਇਸ ਮਾਡਲ ਵਿਚ ਦਿਸ਼ਾ-ਹੀਣ ਮੁਲਾਕਾਤ ਰਣਨੀਤੀ ਦਾ ਮੁੱਢਲੇ-ਸਾਧਨ ਦੇ ਰੂਪ ਵਿਚ ਪ੍ਰਯੋਗ ਕੀਤਾ ਜਾਂਦਾ ਹੈ ।

(3) ਇਸ ਮਾਡਲ ਦੀ ਵਰਤੋਂ ਅਕਾਦਮਿਕ ਸਮੱਸਿਆ ਦੀਆਂ ਸਥਿਤੀਆਂ ਲਈ ਕੀਤੀ ਜਾ ਸਕਦੀ ਹੈ, ਵਿਅਕਤੀਗਤ ਅਤੇ ਸਮਾਜਿਕ ਸਮੱਸਿਆਵਾਂ ਲਈ ਨਹੀਂ ।

(4) ਇਹ ਮਾਡਲ ਵਿਅਕਤੀ ਨੂੰ ਵਿਰੇਚਨ ਤੋਂ ਨਵੀਆਂ ਦ੍ਰਿਸ਼ਟੀਆਂ ਵੱਲ ਲੈ ਕੇ ਜਾਂਦਾ ਹੈ ।

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

119. ਐਡਗਰ ਡੇਲ ਦੇ 'ਕੋਨ ਅਨੁਭਵ' ਨੂੰ ਅਧਿਆਪਨ-ਸਿੱਖਿਆ-ਸਮੱਗਰੀ ਦੇ ਵਰਗੀਕਰਨ ਲਈ ਉਪਯੋਗੀ ਕਿਉਂ ਮੰਨਿਆ ਜਾਂਦਾ ਹੈ :

(1) ਇਹ ਅਧਿਆਪਨ ਸਿੱਖਿਆ ਸਮੱਗਰੀ ਨੂੰ ਕੇਵਲ ਲਾਗਤ ਦੇ ਆਧਾਰ ਉਤੇ ਵਰਗੀਕ੍ਰਿਤ ਕਰਦਾ ਹੈ ।

(2) ਇਹ ਅਧਿਆਪਨ ਸਿੱਖਿਆ ਸਮੱਗਰੀ ਨੂੰ ਅਮੂਰਤ (ਕੋਨ ਦਾ ਆਧਾਰ) ਤੋਂ ਅਮੂਰਤ (ਕੋਨ ਦਾ ਸਿਖਰ) ਅਨੁਭਵ ਨੂੰ ਕ੍ਰਮਵਾਰ ਸਥਾਪਿਤ ਕਰਦਾ ਹੈ ।

(3) ਇਹ ਕੇਵਲ ਆਵਾਜ਼ਮੂਲਕ ਅਤੇ ਦ੍ਰਿਸ਼ਮੂਲਕ ਸਾਧਨਾ 'ਤੇ ਕੇਂਦਰਿਤ ਹੈ ।

(4) ਇਹ ਅਧਿਆਪਨ ਸਿੱਖਿਆ-ਸਮੱਗਰੀ ਨੂੰ ਪ੍ਰੀਖਿਆ ਦੀਆਂ ਲੋੜਾਂ ਅਨੁਸਾਰ ਵਰਗੀਕ੍ਰਿਤ ਕਰਦਾ ਹੈ ।

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

120. ਹੇਠ ਲਿਖਿਆਂ ਵਿਚੋਂ ਕਿਹੜਾ ਸਹਿਕਾਰੀ ਸਿਖਿਆ ਢੰਗ ਅਰੋਨਸਨ (Aronson) ਅਤੇ ਬਲੇਨੀ (Blaney) ਨੇ ਵਿਕਸਿਤ ਕੀਤਾ ?

(1) ਪ੍ਰੋਜੈਕਟ ਵਿਧੀ (Project Method)

(2) ਸਮੂਹਿਕ ਪੜਤਾਲ

(3) ਜਿਗਸਾਅ (Jigsaw) ਵਿਧੀ

(4) ਸਮੱਸਿਆ ਸਮਾਧਾਨ ਵਿਧੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**121.** ਸੂਚਨਾ ਅਤੇ ਸੰਚਾਰ ਤਕਨਾਲੋਜੀ (ICT) ਦਾ ਅਰਥ :
(1) ਕੰਪਿਊਟਰ ਹਾਰਡਵੇਅਰ ਅਤੇ ਸਾਫਟ ਵੇਅਰ ਕੇਵਲ ਸਿਖਿਆ ਸੰਸਥਾਵਾਂ ਵਿੱਚ ਵਰਤੇ ਜਾਣ ਨਾਲ ਸੰਬੰਧਿਤ ਹੈ ।
(2) ਛਪੀ ਜਾਣਕਾਰੀ ਨੂੰ ਕੇਵਲ ਸੰਗ੍ਰਹਿਤ ਕਰਨਾ ਹੈ ।
(3) ਸੰਚਾਰ ਕੇਵਲ ਆਹਮਣੇ-ਸਾਹਮਣੇ ਗੱਲ-ਬਾਤ ਰਾਹੀਂ ਕਰਨਾ ਹੈ ।
(4) ਇਹ ਸੂਚਨਾ ਨੂੰ ਬਿਜਲਈ (electronic) ਮਾਧਿਅਮ ਰਾਹੀਂ ਪ੍ਰਸਾਰਿਤ, ਸੰਗ੍ਰਹਿਤ, ਨਿਰਮਿਤ ਅਤੇ ਪ੍ਰਦਰਸ਼ਿਤ ਕਰਦਾ ਹੈ ।
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**122.** ਹੇਠ ਲਿਖਿਆਂ ਵਿਚੋਂ ਕਿਹੜਾ ਸਹਿਯੋਗੀ ਕਾਰਜ-ਸਥਲ (collaborative work space) ਹੈ ਜਿਹੜਾ ਕਾਰਜ ਸਥਲ ਸੰਵਾਦ ਲਈ ਸਹਿਯੋਗੀ ਕਾਰਜ, ਵੀਡੀਓ ਕਾਨਫ੍ਰੰਸਿੰਗ (video conferencing) ਦਸਤਾਵੇਜ ਸਾਂਝੇ ਕਰਨ ਲਈ ਇਕਹਿਰੀ ਹੱਬ ਜਾਂ ਧੁਰੇ ਵਜੋਂ ਕੰਮ ਕਰਦਾ ਹੈ :
(1) ਮਾਈਕਰੋਸਾਫਟ ਐਕਸਲ
(2) ਮਾਈਕਰੋਸਾਫਟ ਵਨ ਡਰਾਈਵ
(3) ਮਾਈਕਰੋਸਾਫਟ ਪਾਵਰ ਪੁਆਇੰਟ
(4) ਮਾਈਕਰੋਸਾਫਟ ਟੀਮਜ਼
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**123.** ਹੇਠ ਲਿਖਿਆ ਵਿੱਚੋਂ ਕਿਹੜਾ ਵਰਚੂਅਲ ਕਲਾਸ ਰੂਮ (virtual class room) ਨਾਲ ਸੰਬੰਧਿਤ ਨਹੀਂ ਹੈ :
(1) ਅਧਿਆਪਕ, ਮਾਪੇ ਅਤੇ ਸਿੱਖਿਆਰਥੀ ਸੌਖਿਆਂ ਹੀ ਸਿਖਿਆਰਥੀ ਦੀ ਪ੍ਰਗਤੀ ਨੂੰ ਜਾਣ ਸਕਦੇ ਹਨ ।
(2) ਸਿੱਖਿਆਰਥੀ ਰਾਹੀਂ ਪੇਸ਼ ਕੰਮ ਦੇ ਮੁਲਾਂਕਣ ਵਿਚ ਵਧੇਰੇ ਸਮਾਂ ਲਗਦਾ ਹੈ ।
(3) ਸਹਿਭਾਗੀਆਂ ਨਾਲ ਗੱਲਬਾਤ ਸੰਭਵ ਹੁੰਦੀ ਹੈ ।
(4) ਹਦਾਇਤਕਾਰ/ਅਧਿਆਪਕ (instructor) ਵਿਦਿਆਰਥੀਆਂ ਨੂੰ 'ਮਾਡਲ' ਪ੍ਰਦਰਸ਼ਿਤ ਕਰ ਸਕਦਾ ਹੈ ।
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**124.** ਜੇ ਕੋਈ ਅਧਿਆਪਕ ICT ਏਕੀਕ੍ਰਿਤ ਗਤੀਵਿਧੀਆਂ ਰਾਹੀਂ ਸਿਖਿਆ ਅਨੁਭਵ ਪ੍ਰਦਾਨ ਕਰਨ ਲਈ ਯੋਜਨਾ ਬਣਾਉਂਦੇ ਸਮੇਂ ਗੱਲਬਾਤੀ ਪ੍ਰਸ਼ਨਾਵਲੀ/ਕੁਇਜ਼ (interactive quiz) ਨੂੰ ਸ਼ਾਮਲ ਕਰਨਾ ਚਾਹੁੰਦਾ ਹੋਵੇ ਤਾਂ ਕਿਹੜਾ ਲਰਨਿੰਗ ਪਲੈਟਫਾਰਮ (ਸਾਧਨ) ਉਨ੍ਹਾਂ ਦੀ ਸਹਾਇਤਾ ਕਰ ਸਕਦਾ ਹੈ :
(1) ਕਾਹੂਟ (Kahoot)
(2) ਮਾਈਂਡਮੈਪ (mind map)
(3) ਇਜ਼ੇਲ (Easel)
(4) ਅਡੋਬ ਰੀਡਰ (Adobe Rader)
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**125.** ਅਧਿਆਪਨ ਸਿਖਲਾਈ ਪ੍ਰਕ੍ਰਿਆ ਵਿਚ ਸਕ੍ਰੀਨ ਕੈਪਚਰ (screen capture) ਅਤੇ ਸਕ੍ਰੀਨ ਕਾਸਟਿੰਗ (screen casting) ਲਈ ਕਿਹੜੇ ਸੰਦਾਂ ਦਾ ਜੁੱਟ ਮੁਖ ਰੂਪ ਵਿਚ ਵਰਤਿਆ ਜਾਂਦਾ ਹੈ :
(1) ਅਡੋਬ, ਇਲਸਟ੍ਰੇਸ਼ਨ, ਕਾਨਵਾ, ਪਿਕਟੋਚਾਰਟ (Adobe, Illustration, Canva, Piktochart)
(2) ਕੇਮਟੇਸਿਆ, ਜਿੰਗ, ਸਕਰੀਨ ਕਾਸਟ-ਓ-ਮੈਟਿਕ ਸਨੈਗਿਟ
(3) ਕੁਇਜ਼ਲਿਟ, ਕਲਾਸਮਾਰਕਰ, ਹੌਟ ਪੋਟੈਟੋਜ਼
(4) ਮੂਡਲ, ਗੂਗਲ ਕਲਾਸਰੂਮ, ਬਲੈਕਬੋਰਡ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

126. ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦੇ ਪੂਰਬੀ ਹਿੱਸੇ ਅਤੇ ਹਰਿਆਣਾ ਵਿਚ ਅੰਬਾਲੇ ਦੇ ਪੱਛਮੀ ਹਿੱਸੇ ਦੇ ਖੇਤਰ ਵਿਚ ਪੰਜਾਬੀ ਦੀ ਕਿਹੜੀ ਉਪਭਾਸ਼ਾ ਬੋਲੀ ਜਾਂਦੀ ਹੈ ?

(1) ਮਲਵਈ (2) ਪੁਆਧੀ

(3) ਮਾਝੀ (4) ਦੁਆਬੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

127. ਪਿਜਨ ਭਾਸ਼ਾ ਹੁੰਦੀ ਹੈ ?

(1) ਕਿਸੇ ਦੀ ਮਾਂ ਬੋਲੀ ਹੁੰਦੀ ਹੈ ।

(2) ਵਿਸਤ੍ਰਿਤ ਸ਼ਬਦ-ਕੋਸ਼ ਵਾਲੀ ਭਾਸ਼ਾ ਹੁੰਦੀ ਹੈ ।

(3) ਕੰਮ-ਚਲਾਉ ਭਾਸ਼ਾ ਹੁੰਦੀ ਹੈ ।

(4) ਔਖੇ ਵਿਆਕਰਨਿਕ ਨਿਯਮਾਂ ਵਾਲੀ ਭਾਸ਼ਾ ਹੁੰਦੀ ਹੈ ।

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

128. ਜੰਮੂ ਅਤੇ ਕਾਂਗੜੇ ਵਿਚ ਕਿਹੜੀ ਉਪਭਾਸ਼ਾ ਬੋਲੀ ਜਾਂਦੀ ਹੈ ।

(1) ਮਲਵਈ (2) ਡੋਗਰੀ

(3) ਪੁਆਧੀ (4) ਮੁਲਤਾਨੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

129. ਪੰਜਾਬੀ ਵਿਚ ਲਘੂ ਸੁਰ-ਧੁਨੀਆਂ ਕਿਹੜੀਆਂ ਹਨ ?

(1) ਆ, ਈ, ਊ (2) ਉ, ਅ, ਇ

(3) ਏ, ਊ, ਐ (4) ਓ, ਔ, ਈ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

130. ਕਿਹੜਾ ਵਿਅੰਜਨ ਸੁਰਯੰਤਰੀ ਹੈ ?

(1) ਹ (2) ਯ

(3) ੜ (4) ਝ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

131. 'ੜ' ਕਿਹੜਾ ਵਿਅੰਜਨ ਹੈ ?

(1) ਅਘੋਸ਼ ਅਲਪ੍ਰਾਣ

(2) ਸਘੋਸ਼ ਅਲਪਪ੍ਰਾਣ

(3) ਸੁਰਯੰਤਰੀ

(4) ਫਟਕਵਾਂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

132. ਗੁਰਮੁਖੀ ਲਿਪੀ ਵਿਚ ਕਿੰਨੇ ਲਗਾਖਰ ਹਨ ?

(1) ਤਿੰਨ (2) ਗਿਆਰਾਂ

(3) ਪੈਂਤੀ (4) ਅਠੱਤੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

133. ਕਿਹੜੇ ਅੱਖਰਾਂ ਦੀ ਵਰਤੋਂ ਵਿਅੰਜਨ ਅੱਖਰਾਂ ਦੇ ਪੈਰਾਂ ਵਿਚ ਪਾ ਕੇ ਕੀਤੀ ਜਾਂਦੀ ਹੈ ?

(1) ਹ, ਨ, ਵ (2) ਵ, ਲ, ਰ

(3) ਹ, ਰ, ਵ (4) ਵ, ਲ, ਹ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

134. ਕੀ ਗੁਰਮੁਖੀ ਲਿਪੀ ਵਿਚ 'ੳ' ਅੱਖਰ ਨਾਲ ਲੱਗਣ ਵਾਲੀਆਂ ਲਗਾਂ-ਮਾਤਰਾਵਾਂ 'ਅ' ਅਤੇ 'ੲ' ਨਾਲ ਵੀ ਲੱਗਦੀਆਂ ਹਨ ?

(1) ਕੇਵਲ 'ਅ' ਨਾਲ ਲੱਗਦੀਆਂ ਹਨ ।

(2) ਕੇਵਲ 'ੲ' ਨਾਲ ਲੱਗਦੀਆਂ ਹਨ ।

(3) ਦੋਵਾਂ ਨਾਲ ਹੀ ਲੱਗਦੀਆਂ ਹਨ ।

(4) ਨਹੀਂ ਲੱਗਦੀਆਂ ਹਨ ।

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

135. ਹੇਠ ਲਿਖਿਆਂ ਵਿਚੋਂ ਕਿਹੜਾ 'ਜੁੱਟ' ਵਸਤੂਵਾਚਕ ਨਾਂਵ ਨਾਲ ਸੰਬੰਧਿਤ ਹੈ :

(1) ਰੇਤ, ਪੱਥਰ, ਗੁੜ, ਫ਼ੌਜ

(2) ਰੇਤ, ਪੱਥਰ, ਗੁੜ, ਜਥਾ

(3) ਰੇਤ, ਪੱਥਰ, ਗੁੜ, ਡਾਰ

(4) ਰੇਤ, ਪੱਥਰ, ਗੁੜ, ਦੁੱਧ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

136. 'ਜੋ' ਕਿਹੜਾ ਪੜਨਾਂਵ ਹੈ ?

(1) ਸੰਬੰਧਵਾਚਕ

(2) ਨਿਸ਼ਚੇਵਾਚਕ

(3) ਅਨਿਸ਼ਚੇਵਾਚਕ

(4) ਨਿੱਜਵਾਚਕ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

137. ਹੇਠ ਦਿੱਤੇ ਵਾਕ ਵਿਚ ਕਿਰਿਆ ਵਿਸ਼ੇਸ਼ਣ ਕਿਹੜਾ ਹੈ ?

ਸਵਰਨ ਸਿੰਘ ਨੇ ਬਹੁਤ ਸਾਰੇ ਲੇਖ ਰਾਤੋ-ਰਾਤ ਲਿਖ ਮਾਰੇ ।

(1) ਬਹੁਤ ਸਾਰੇ (2) ਰਾਤੋ-ਰਾਤ

(3) ਲੇਖ (4) ਕੋਈ ਵੀ ਨਹੀਂ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

138. ਹੇਠ ਦਿੱਤਿਆਂ ਵਿੱਚੋਂ ਕਿਹੜਾ ਅਧੀਨ ਯੋਜਕ ਹੈ ?

(1) ਤੇ (2) ਨਾਲ਼ੇ

(3) ਜਾਂ (4) ਜੇ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

139. ਪੰਜਾਬੀ ਭਾਸ਼ਾ ਵਿਚ ਕਿਸੇ ਸ਼ਬਦ ਨਾਲ ਵੱਧ ਤੋਂ ਵੱਧ ਕਿੰਨੇ ਅਗੇਤਰ ਲੱਗ ਸਕਦੇ ਹਨ ।

(1) ਅੱਠ (2) ਤਿੰਨ

(3) ਇੱਕ (4) ਦੋ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

140. ਨੀ, ਵੇ, ਅੜਿਆ, ਹੋ, ਕੁੜੇ – ਇਹ ਸ਼ਬਦ ਵਿਸਮਕ ਦੀ ਕਿਹੜੀ ਸ਼੍ਰੇਣੀ ਵਿਚ ਆਉਂਦੇ ਹਨ :

(1) ਪ੍ਰਸ਼ੰਸਾਵਾਚਕ (2) ਸੂਚਨਾਵਾਚਕ

(3) ਸੰਬੋਧਕੀ (4) ਫਿਟਕਾਰਵਾਚਕ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

141. ਅਰਥਾਂ ਦੇ ਆਧਾਰ ਤੇ "ਵੱਗ" ਸ਼ਬਦ ਕਿਸ ਸ਼੍ਰੇਣੀ ਵਿਚ ਆਉਂਦਾ ਹੈ ?

(1) ਖਾਸ ਨਾਂਵ (2) ਜਾਤੀ ਬੋਧਕ

(3) ਸਮੂਹ ਵਾਚੀ (4) ਭਾਵ ਵਾਚੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

142. ਜਿਸ ਵਿਅਕਤੀ ਜਾਂ ਵਸਤੂ ਤੋਂ ਕੋਈ ਚੀਜ਼ ਅਲੱਗ ਕੀਤੀ ਜਾਵੇ ਜਾਂ ਵੱਖਰੀ ਕੀਤੀ ਜਾਵੇ, ਉਸ ਨਾਂਵ ਜਾਂ ਪੜਨਾਂਵ ਨੂੰ ਕਾਰਕ ਦੀ ਕਿਹੜੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ :

(1) ਅਧਿਕਰਨ-ਕਾਰਕ

(2) ਸੰਬੰਧ-ਕਾਰਕ

(3) ਸੰਪਰਦਾਨ-ਕਾਰਕ

(4) ਅਪਾਦਾਨ-ਕਾਰਕ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**143.** 'ਹਰਮਨ-ਪਿਆਰਾ' ਸਮਾਸ ਕਿੰਨੇ ਸ਼ਬਦਾਂ ਨੂੰ ਮਿਲਾ ਕੇ ਬਣਿਆ ਹੈ ?

(1) ਕੋਈ ਸ਼ਬਦ ਨਹੀਂ (2) ਤਿੰਨ ਸ਼ਬਦ

(3) ਦੋ ਸ਼ਬਦ (4) ਇੱਕ ਸ਼ਬਦ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**144.** ਹੇਠ ਲਿਖਿਆਂ ਵਿਚੋਂ ਕਿਹੜਾ ਜੁਟ 'ਅਗੇਤਰ' ਨਾਲ ਸੰਬੰਧਤ ਹੈ :

(1) ਸਹਿਪਾਠੀ, ਸੁਭਾਗ, ਸੁਚੱਜਾ, ਚੜ੍ਹਾਈ

(2) ਸਹਿਪਾਠੀ, ਸੁਭਾਗ, ਸੁਚੱਜਾ, ਸੁਣਾਈ

(3) ਸਹਿਪਾਠੀ, ਸੁਭਾਗ, ਸੁਚੱਜਾ, ਚਿਣਾਈ

(4) ਸਹਿਪਾਠੀ, ਸੁਭਾਗ, ਸੁਗੰਧ, ਕੁਚੱਜ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**145.** ਪੰਜਾਬੀ ਕਿਰਿਆ ਵਾਕੰਸ਼ ਵਿਚ ਵੱਧ ਤੋਂ ਵੱਧ ਕਿੰਨੇ ਸ਼ਬਦ ਹੋ ਸਕਦੇ ਹਨ ।

(1) ਇੱਕ

(2) ਇੱਕ ਤੋਂ ਪੰਜ

(3) ਇੱਕ ਤੋਂ ਤਿੰਨ

(4) ਇੱਕ ਤੋਂ ਲੈ ਕੇ ਸੱਤ ਤਕ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**146.** ਜੇ ਸਾਡੇ ਖਿਡਾਰੀਆਂ ਨੂੰ ਸੱਟਾਂ ਨਾ ਲੱਗਦੀਆਂ ਤਾਂ ਅਸੀਂ ਜ਼ਰੂਰ ਮੈਚ ਜਿੱਤਦੇ ।

(1) ਮਿਸ਼ਰਿਤ ਵਾਕ ਹੈ ।

(2) ਸਧਾਰਨ ਵਾਕ ਹੈ ।

(3) ਸੰਯੁਕਤ ਵਾਕ ਹੈ ।

(4) ਕੋਈ ਵੀ ਨਹੀ ਹੈ ।

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**147.** ਮਿਸ਼ਰਤ ਵਾਕ ਵਿਚ ਕਿਹੜੇ ਯੋਜਕ ਦੀ ਵਰਤੋਂ ਹੁੰਦੀ ਹੈ ?

(1) ਅਤੇ (2) ਫਿਰ ਵੀ

(3) ਸਗੋਂ (4) ਜੋ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**148.** 'ਸਬਰ' ਦਾ ਸਮਾਨਾਰਥਕ ਸ਼ਬਦ ਕਿਹੜਾ ਨਹੀਂ ਹੈ :

(1) ਸੰਤੋਖ (2) ਤ੍ਰਿਪਤੀ

(3) ਰੱਜ (4) ਅਸੰਤੁਸ਼ਟੀ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**149.** ਇਨ੍ਹਾਂ ਸਬਦਾਂ ਦੇ ਸ਼ਬਦ-ਜੋੜ ਅਤੇ ਉਚਾਰਨ ਤਾਂ ਇਕੋ-ਜਿਹੇ ਹੁੰਦੇ ਹਨ, ਪਰ ਅਰਥਾਂ ਵਿਚ ਢੇਰ ਅੰਤਰ ਹੁੰਦਾ ਹੈ ।

ਉਪਰਲੇ ਵਾਕ ਵਿਚ ਅਰਥ-ਬੋਧ ਦੇ ਪੱਖੋਂ ਕਿਨ੍ਹਾਂ ਸ਼ਬਦਾਂ ਦੀ ਗੱਲ ਕੀਤੀ ਗਈ ਹੈ :

(1) ਸਮਾਨਾਰਥਕ ਸ਼ਬਦ

(2) ਵਿਰੋਧਾਤਮਕ ਸ਼ਬਦ

(3) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ

(4) ਬਹੁਅਰਥਕ ਸ਼ਬਦ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

**150.** ਹੇਠ ਲਿਖਿਆਂ ਵਿਚ 'ਉਸਤਤ' ਦਾ ਸਹੀ ਵਿਰੋਧੀ ਸ਼ਬਦ ਹੈ :

(1) ਨਿੰਦਿਆ (2) ਸਿਫਤ

(3) ਵਡਿਆਈ (4) ਪ੍ਰਸ਼ੰਸਾ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ ।

रफ कार्य के लिए स्थान / SPACE FOR ROUGH WORK